Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 90 | Monday, May 09, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅਚਨਚੇਤੀ ਯੂਕਰੇਨ ਦੌਰੇ ਦੌਰਾਨ ਟਰੂਡੋ ਨੇ ਜ਼ੈਲੈਂਸਕੀ ਨਾਲ ਕੀਤੀ ਮੁਲਾਕਾਤ

***ਯੂਕਰੇਨ ਨੂੰ ਹੋਰ ਮਿਲਟਰੀ ਮਦਦ ਦੇਣ ਦਾ ਕੀਤਾ ਐਲਾਨ *40 ਹੋਰ ਰੂਸੀ ਧਨਾਢਾਂ ਉੱਤੇ ਲਾਈਆਂ ਪਾਬੰਦੀਆਂ**

ਕੀਵ, 8 ਮਈ (ਪੋਸਟ ਬਿਊਰੋ) : ਰੂਸ ਵੱਲੋਂ ਕੀਤੇ ਜਾ ਰਹੇ ਹਮਲਿਆਂ ਦਰਮਿਆਨ ਐਤਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਚਨਚੇਤੀ ਦੌਰੇ ਉੱਤੇ ਯੂਕਰੇਨ ਪਹੁੰਚੇ। ਇੱਥੇ ਉਨ੍ਹਾਂ ਕੈਨੇਡਾ ਤੇ ਉੱਥੋਂ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਸਮਰਥਨ ਦਾ ਪ੍ਰਗਟਾਵਾ ਕਰਨ ਲਈ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨਾਲ ਮੁਲਾਕਾਤ ਕੀਤੀ।



ਜ਼ੈਲੈਂਸਕੀ ਨਾਲ ਇੱਕ ਸਾਂਝੀ ਨਿਊਜ਼ ਕਾਨਫਰੰਸ ਦੌਰਾਨ ਟਰੂਡੋ ਨੇ ਆਖਿਆ ਕਿ ਡਰੋਨ ਕੈਮਰਿਆਂ, ਸੈਟੇਲਾਈਟ ਇਮੇਜਿਜ਼, ਨਿੱਕੇ ਹਥਿਆਰਾਂ, ਅਸਲੇ ਤੇ ਬਾਰੂਦੀ ਸੁਰੰਗਾਂ ਨੂੰ ਹਟਾਉਣ ਲਈ ਆਪਰੇਸ਼ਨ ਵਾਸਤੇ ਫੰਡਿੰਗ ਦੇ ਰੂਪ ਵਿੱਚ ਕੈਨੇਡਾ ਯੂਕਰੇਨ ਨੂੰ ਹੋਰ ਮਿਲਟਰੀ ਮਦਦ ਮੁਹੱਈਆ ਕਰਾਵੇਗਾ। ਇਸ ਐਲਾਨ ਤੋਂ ਦੋ ਹਫਤੇ ਪਹਿਲਾਂ ਟਰੂਡੋ ਨੇ ਇਹ ਆਖਿਆ ਸੀ ਕਿ ਕੈਨੇਡਾ ਭਾਰੀ ਮਾਤਰਾ ਵਿੱਚ ਗੋਲੀ ਸਿੱਕਾ ਯੂਕਰੇਨ ਭੇਜੇਗਾ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਟਰੂਡੋ ਨੇ 40 ਰੂਸੀ ਵਿਅਕਤੀਆਂ ਤੇ ਵਸਤਾਂ ਉੱਤੇ ਹੋਰ ਪਾਬੰਦੀਆਂ ਲਾਉਣ ਦਾ ਐਲਾਨ ਵੀ ਕੀਤਾ। ਜਿਨ੍ਹਾਂ ਵਿਅਕਤੀਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ ਉਹ ਰੂਸ ਦੇ ਡਿਫੈਂਸ ਸੈਕਟਰ ਤੇ ਕ੍ਰੈਮਲਿਨ ਦੇ ਨਜ਼ਦੀਕੀ ਸਹਿਯੋਗੀ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਇਹ ਸਪਸ਼ਟ ਹੈ ਕਿ ਵਲਾਦੀਮੀਰ ਪੁਤਿਨ ਵਾਰ ਕ੍ਰਾਈਮਜ਼ ਲਈ ਜ਼ਿੰਮੇਵਾਰ ਹੈ। ਇਸ ਦੀ ਜਵਾਬਦੇਹੀ ਤੈਅ ਹੋਣੀ ਬਣਦੀ ਹੈ। ਕੈਨੇਡਾ ਵੱਲੋਂ ਯੂਕਰੇਨ ਦਾ ਸਾਥ ਦਿੱਤਾ ਜਾ ਰਿਹਾ ਹੈ ਤੇ ਭਵਿੱਖ ਵਿੱਚ ਵੀ ਦਿੱਤਾ ਜਾਂਦਾ ਰਹੇਗਾ।

ਇਸ ਤੋਂ ਇਲਾਵਾ ਟਰੂਡੋ ਨੇ ਆਖਿਆ ਕਿ ਯੂਕਰੇਨ ਵਿੱਚ ਫੂਡ ਸਕਿਊਰਿਟੀ ਲਈ ਕੈਨੇਡਾ ਵੱਲੋਂ ਵਰਲਡ ਫੂਡ ਪ੍ਰੋਗਰਾਮ ਵਾਸਤੇ 25 ਮਿਲੀਅਨ ਡਾਲਰ ਮੁਹੱਈਆ ਕਰਵਾਏ ਜਾ ਰਹੇ ਹਨ ਤੇ ਕੈਨੇਡਾ ਨੂੰ ਯੂਕਰੇਨ ਵੱਲੋਂ ਕੀਤੇ ਜਾਣ ਵਾਲੇ ਸਾਰੇ ਇੰਪੋਰਟ ਤੋਂ ਟਰੇਡ ਦਰਾਂ ਹਟਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਯੂਕਰੇਨ ਵਿੱਚ ਮਹਿਲਾਵਾਂ ਦੇ ਅਧਿਕਾਰਾਂ, ਸਿਵਲ ਸੁਸਾਇਟੀ ਤੇ ਮਨੁੱਖੀ ਅਧਿਕਾਰਾਂ ਲਈ ਲੜ ਰਹੀਆਂ ਸੰਸਥਾਵਾਂ ਵਾਸਤੇ ਨਵੇਂ ਫੰਡ ਵੀ ਮੁਹੱਈਆ ਕਰਵਾਏ ਜਾਣਗੇ।

ਇਸ ਦੌਰਾਨ ਪ੍ਰਧਾਨ ਮੰਤਰੀ ਨੇ ਯੂਕਰੇਨ ਵਿੱਚ ਜਾਰੀ ਜੰਗ ਬਾਰੇ ਜੀ-7 ਆਗੂਆਂ ਨਾਲ ਵਰਚੂਅਲ ਮੀਟਿੰਗ ਵੀ ਕੀਤੀ। ਇੱਕ ਸਾਂਝੇ ਬਿਆਨ ਵਿੱਚ ਜੀ-7 ਆਗੂਆਂ ਨੇ ਰੂਸੀ ਐਨਰਜੀ ਤੋਂ ਕਿਨਾਰਾ ਕਰਨ, ਰੂਸ ਦੇ ਅਰਥਚਾਰੇ ਨੂੰ ਅਲੱਗ ਥਲੱਗ ਕਰਨ, ਜੰਗ ਸਬੰਧੀ ਗਲਤ ਜਾਣਕਾਰੀ ਨਾਲ ਸਿੱਝਣ ਤੇ ਰੂਸੀ ਧਨਾਢਾਂ ਖਿਲਾਫ ਪਾਬੰਦੀਆਂ ਜਾਰੀ ਰੱਖਣ ਦਾ ਤਹੱਈਆ ਪ੍ਰਗਟਾਇਆ। ਜ਼ੈਲੈਂਸਕੀ ਨੇ ਪੱਤਰਕਾਰਾਂ ਨੂੰ ਆਖਿਆ ਕਿ ਕੈਨੇਡੀਅਨ ਸਰਕਾਰ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਉਹ ਸ਼ੁਕਰਗੁਜ਼ਾਰ ਹਨ।

ਇਸ ਦੌਰੇ ਦੌਰਾਨ ਟਰੂਡੋ ਨਾਲ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ ਵਿਦੇਸ਼ ਮੰਤਰੀ ਮਿਲੇਨੀ ਜੋਲੀ ਵੀ ਹਾਜ਼ਰ ਸਨ।

## ਸਕਾਰਬਰੋ ਵਿੱਚ ਕਈ ਗੱਡੀਆਂ ਟਕਰਾਈਆਂ, 7 ਜ਼ਖ਼ਮੀ



ਓਨਟਾਰੀਓ, 8 ਮਈ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਬ੍ਰਿਮਲੇ ਦੇ ਪੱਛਮ ਵੱਲ ਹਾਈਵੇਅ 401 ਉੱਤੇ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਸੱਤ ਵਿਅਕਤੀ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਦਿੱਤੀ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਪੂਰਬ ਵਾਲੀਆਂ ਐਕਸਪ੍ਰੈੱਸ ਲੇਨਜ਼ ਨੂੰ ਬਰਚਮਾਊਂਟ ਕੋਲ ਬੰਦ ਕੀਤੇ ਜਾਣ ਤੋਂ ਬਾਅਦ ਆਵਾਜਾਈ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਹਾਦਸਾ ਟਰਾਂਸਪੋਰਟ ਟਰੱਕ ਤੇ ਤਿੰਨ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਵਾਪਰਿਆ।

ਦੋ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਨੇੜਲੇ ਟਰੌਮਾ ਸੈਂਟਰ ਭੇਜਿਆ ਗਿਆ ਹੈ ਪਰ ਪੈਰਾਮੈਡਿਕਸ ਅਨੁਸਾਰ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਇਸ ਦੌਰਾਨ ਪੰਜ ਹੋਰਨਾਂ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਇਸ ਹਫਤੇ ਪੰਜ ਸੈਂਟ ਹੋਰ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ

ਓਟਵਾ, 8 ਮਈ (ਪੋਸਟ ਬਿਊਰੋ) : ਅਹਿਮ ਐਨਰਜੀ ਸਬੰਧੀ ਕੀਮਤਾਂ ਦੇ ਮਾਹਿਰ ਦਾ ਕਹਿਣਾ ਹੈ ਕਿ ਜੇ ਰੂਸ ਵੱਲੋਂ ਯੂਕਰੇਨ ਖਿਲਾਫ ਜੰਗ ਤੇਜ਼ ਕੀਤੀ ਜਾਂਦੀ ਹੈ ਤਾਂ ਕੈਨੇਡਾ ਭਰ ਵਿੱਚ ਗੈਸ ਦੀਆਂ ਕੀਮਤਾਂ ਪੰਜ ਸੈਂਟ ਹੋਰ ਵੱਧ ਜਾਣਗੀਆਂ।



ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਦਾ ਕਹਿਣਾ ਹੈ ਕਿ 9 ਮਈ ਨੂੰ ਰੂਸ ਵਿੱਚ ਵਿਕਟਰੀ ਡੇਅ ਮਨਾਇਆ ਜਾਵੇਗਾ ਤੇ ਯੂਕਰੇਨ ਖਿਲਾਫ ਜੰਗ ਲਈ ਵੀ ਇਹ ਅਹਿਮ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਜੇ ਯੂਕਰੇਨ ਵਿੱਚ ਸਥਿਤੀ ਵਿਗੜਦੀ ਹੈ ਤਾਂ ਅਗਲੇ ਹਫਤੇ ਗੈਸ ਦੀਆਂ ਕੀਮਤਾਂ ਪ੍ਰਤੀ ਲੀਟਰ ਪੰਜ ਸੈਂਟ ਵੱਧ ਸਕਦੀਆਂ ਹਨ।

ਕੈਨੇਡਾ ਵਿੱਚ ਇਸ ਸਮੇਂ ਗੈਸ ਦੀ ਔਸਤ ਕੀਮਤ 1·97 ਪ੍ਰਤੀ ਲੀਟਰ ਹੈ, ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਸੱਭ ਤੋਂ ਵੱਧ ਤਕਲੀਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉੱਥੇ ਗੈਸ ਦੀ ਔਸਤਨ ਕੀਮਤ 2·06 ਪ੍ਰਤੀ ਲੀਟਰ ਹੈ। ਵੈਨਕੂਵਰ ਵਿੱਚ ਗੈਸ 2·22 ਡਾਲਰ ਪ੍ਰਤੀ ਲੀਟਰ ਹੈ, ਵਿਕਟੋਰੀਆ ਵਿੱਚ 2·17 ਡਾਲਰ ਪ੍ਰਤੀ ਲੀਟਰ, ਮਾਂਟਰੀਅਲ ਵਿੱਚ 2·07 ਪ੍ਰਤੀ ਲੀਟਰ ਤੇ ਸੇਂਟ ਜੌਹਨਜ਼ ਵਿੱਚ 2·03 ਡਾਲਰ ਪ੍ਰਤੀ ਲੀਟਰ ਹੈ।

ਮੈਕਟੀਗ ਨੇ ਅੱਗੇ ਆਖਿਆ ਕਿ ਭਾਵੇਂ ਯੂਕਰੇਨ ਵਿੱਚ ਜੰਗ ਨੇੜ ਭਵਿੱਖ ਵਿੱਚ ਖ਼ਤਮ ਵੀ ਹੋ ਜਾਂਦੀ ਹੈ ਤਾਂ ਵੀ ਗੈਸ ਦੀਆਂ ਵੱਧ ਕੀਮਤਾਂ ਕੁੱਝ ਸਮੇਂ ਲਈ ਹੋਰ ਬਣੀਆਂ ਰਹਿਣਗੀਆਂ। ਉਨ੍ਹਾਂ ਆਖਿਆ ਕਿ ਅਜਿਹਾ ਰੂਸ ਦੇ ਐਨਰਜੀ ਸੈਕਟਰ ਉੱਤੇ ਲਾਈਆਂ ਗਈਆਂ ਪਾਬੰਦੀਆਂ ਕਾਰਨ ਹੋਵੇਗਾ ।

ਉਨ੍ਹਾਂ ਆਖਿਆ ਕਿ ਗਰਮੀਆਂ ਦਾ ਸੀਜ਼ਨ ਵੀ ਗੈਸ ਦੀਆਂ ਕੀਮਤਾਂ ਉੱਚੀਆਂ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਵੇਗਾ ਕਿਉਂਕਿ ਜ਼ਿਆਦਾ ਲੋਕ ਘੁੰਮਣ ਫਿਰਨ ਤੇ ਟਰੈਵਲ ਲਈ ਸੜਕਾ ਉੱਤੇ ਨਿਕਲਣਗੇ।

## ਹੈਲਥ ਕੈਨੇਡਾ ਨੇ ਵਾਪਿਸ ਮੰਗਵਾਈਆਂ ਆਈ ਡਰੌਪਸ ਦੀਆਂ ਸ਼ੀਸ਼ੀਆਂ

ਓਟਵਾ, 8 ਮਈ (ਪੋਸਟ ਬਿਊਰੋ) : ਫਾਰਮਾਸੇਵ ਐਡਵਾਂਸਡ ਰਲੀਫ ਆਈ ਡਰੌਪਸ ਅਤੇ ਕੌਂਪਲੀਮੈਂਟਸ ਐਡਵਾਂਸਡ ਰਲੀਫ ਆਈ ਡਰੌਪਸ ਦੇ ਇੱਕ ਇੱਕ ਲੌਟ ਨੂੰ ਪੈਕਿੰਗ ਦੀ ਗਲਤੀ ਕਾਰਨ ਵਾਪਿਸ ਮੰਗਵਾ ਲਿਆ ਗਿਆ ਹੈ।

ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਇਨ੍ਹਾਂ ਸ਼ੀਸ਼ੀਆਂ ਵਿੱਚੋਂ ਕੁੱਝ ਵੀ ਅਜਿਹੀ ਸਮੱਗਰੀ ਸੀ ਜਿਹੜੀ ਲੇਬਲ ਉੱਤੇ ਨਹੀਂ ਸੀ ਦਰਜ। ਏਜੰਸੀ ਨੇ ਆਖਿਆ ਕਿ ਪ੍ਰਭਾਵਿਤ ਸ਼ੀਸ਼ੀਆਂ ਵਿੱਚ ਨੈਫਾਜ਼ੋਲੀਨ ਐਚਸੀਆਈ ਜਾਂ ਗਲਿਸਰੀਨ ਹੋ ਸਕਦੀ ਹੈ, ਜਿਨ੍ਹਾਂ ਕਾਰਨ ਐਲਰਜੀ ਹੋ ਸਕਦੀ ਸੀ। ਇਹ ਐਲਰਜੀ ਮੁੱਖ ਤੌਰ ਉੱਤੇ ਧੱਫੜ, ਖਾਜ ਜਾਂ ਸੋਜ਼ ਆਦਿ ਦੇ ਰੂਪ ਵਿੱਚ ਚਿਹਰੇ, ਜੀਭ ਤੇ ਗਲੇ ਵਿੱਚ ਹੋ ਸਕਦੀ ਸੀ।

ਵਾਪਿਸ ਮੰਗਵਾਈਆਂ ਗਈਆਂ ਸ਼ੀਸ਼ੀਆਂ ਉੱਤੇ ਲੌਟ ਨੰਬਰ ਏਆਰ 21 ਸੀ 03 ਜਾਂ ਆਰਐਲ 21 ਡੀ 01 ਲਿਖਿਆ ਹੋ ਸਕਦਾ ਹੈ। ਟੇਵਾ ਕੈਨੇਡਾ ਲਿਮਟਿਡ ਦੀਆਂ ਇਹ ਬੋਤਲਾਂ ਆਰਜ਼ੀ ਤੌਰ ਉੱਤੇ ਅੱਖਾਂ ਦੀ ਲਾਲੀ ਜਾਂ ਮਾਮੂਲੀ ਜਲਣ, ਡਰਾਈਨੈੱਸ ਤੇ ਖਾਜ ਆਦਿ ਤੋਂ ਰਾਹਤ ਦੇਣ ਲਈ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਵਰਤੋਂ ਬਾਲਗਾਂ ਤੇ ਛੇ ਸਾਲ ਤੋਂ ਉੱਪਰ ਉਮਰ ਦੇ ਬੱਚਿਆਂ ਲਈ ਕਰਨ ਦੀ ਹਦਾਇਤ ਲੇਬਲ ਉੱਤੇ ਦਿੱਤੀ ਗਈ ਹੈ।

## ਵੱਧ ਰਿਹਾ ਹੈ ਫਰੀਲਾਂਸ ਲਾਈਨ ਸਟੈਂਡਰਜ਼ ਦਾ ਕਾਰੋਬਾਰ

ਓਨਟਾਰੀਓ, 8 ਮਈ (ਪੋਸਟ ਬਿਊਰੋ) : ਜੇ ਤੁਸੀਂ ਪਾਸਪੋਰਟ ਚਾਹੁੰਦੇ ਹੋਂ ਪਰ ਸਵੇਰੇ ਜਲਦੀ ਉੱਠ ਕੇ ਲਾਈਨ ਵਿੱਚ ਨਹੀਂ ਲੱਗਣਾ ਚਾਹੁੰਦੇ ਤੇ ਜਾਂ ਫਿਰ ਛੁੱਟੀ ਲੈ ਕੇ ਸਰਵਿਸ ਕੈਨੇਡਾ ਦੇ ਆਫਿਸ ਵਿੱਚ ਲੰਮੀਂ ਕਤਾਰ ਵਿੱਚ ਲੱਗ ਕੇ ਅਜਿਹਾ ਕੋਈ ਕੰਮ ਨਹੀਂ ਕਰਵਾਉਣਾ ਚਾਹੁੰਦੇ ਤਾਂ ਫਰੀਲਾਂਸਰ ਵਜੋਂ ਲਾਈਨ ਵਿੱਚ ਖੜ੍ਹੇ ਹੋਣ ਵਾਲੇ ਲੋਕਾਂ ਦੀ ਤੁਸੀਂ ਮਦਦ ਲੈ ਸਕਦੇ ਹੋਂ।



ਪਿਛਲੇ ਦਿਨਾਂ ਵਿੱਚ "ਫਰੀਲਾਂਸ ਲਾਈਨ ਸਟੈਂਡਰ" ਲਈ ਕਿਜੀਜ਼ੀ ਵਰਗੀ ਵੈੱਬਸਾਈਟ ਉੱਤੇ ਆਨਲਾਈਨ ਕਲਾਸੀਫਾਈਡ ਐਡਵਰਟੀਜ਼ਮੈਂਟ ਆਉਣੀ ਸ਼ੁਰੂ ਹੋਈ। 17 ਡਾਲਰ ਤੋਂ ਲੈ ਕੇ 50 ਡਾਲਰ ਤੱਕ ਦੇ ਕੇ ਤੁਸੀਂ ਅਜਿਹੇ ਵਿਅਕਤੀ ਦੀਆਂ ਸੇਵਾਵਾਂ ਲੈ ਸਕਦੇ ਹੋਂ ਜਿਹੜਾ ਸਰਵਿਸ ਕੈਨੇਡਾ ਦੇ ਆਫਿਸ ਵਿੱਚ ਤੁਹਾਡੀ ਥਾਂ ਉੱਤੇ ਲਾਈਨ ਵਿੱਚ ਲੱਗ ਸਕਦਾ ਹੈ ਤੇ ਜਦੋਂ ਲਾਈਨ ਵਿੱਚ ਤੁਹਾਡਾ ਨੰਬਰ ਆਉਣ ਵਾਲਾ ਹੋਵੇ ਤਾਂ ਤੁਹਾਨੂੰ ਇਨ੍ਹਾਂ ਵਿਅਕਤੀਆਂ ਵੱਲੋਂ ਟੈਕਸਟ ਕੀਤਾ ਜਾਂਦਾ ਹੈ ਜਾਂ ਕਾਲ ਕੀਤਾ ਜਾਂਦਾ ਹੈ।

ਡਾਊਨਟਾਊਨ ਟੋਰਾਂਟੋ ਵਿੱਚ ਇਸ ਤਰ੍ਹਾਂ ...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA Broker of Record
DIR: 647-546-5228
OFF: 905-457-4588
SAVE MAX GLOBAL REALTY

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop In!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਝੋਨੇ ਦੇ ਸੀਜ਼ਨ ਦਾ 18 ਜੂਨ ਦਾ ਸਰਕਾਰੀ ਸ਼ਡਿਊਲ ਕਿਸਾਨ ਆਗੂਆਂ ਵੱਲੋਂ ਰੱਦ

## * ਸੰਯੁਕਤ ਕਿਸਾਨ ਮੋਰਚਾ ਵੱਲੋਂ 10 ਜੂਨ ਤੋਂ ਝੋਨਾ ਲਾਉਣ ਦਾ ਐਲਾਨ

ਪਟਿਆਲਾ, 8 ਮਈ, (ਪੋਸਟ ਬਿਊਰੋ)- ਧਰਤੀ ਹੇਠਲਾ ਪਾਣੀ ਬਚਾਉਣ ਤੇ ਕੁਝ ਹੋਰ ਲੋੜਾਂ ਦਾ ਧਿਆਨ ਰੱਖ ਕੇ ਪੰਜਾਬ ਸਰਕਾਰ ਵੱਲੋਂ 18 ਜੂਨ ਤੋਂ ਪਹਿਲਾਂ ਝੋਨਾ ਨਾ ਲਾਉਣ ਦੀ ਅਪੀਲ ਸੰਯੁਕਤ ਕਿਸਾਨ ਮੋਰਚਾ ਨੇ ਰੱਦ ਕਰ ਦਿੱਤੀ ਤੇ ਇਸ ਮੋਰਚੇ ਵਿੱਚ ਸ਼ਾਮਲ ਪੰਜਾਬ ਦੀਆਂ 16 ਕਿਸਾਨ ਜਥੇਬੰਦੀਆਂ ਅਤੇ ਬਿਜਲੀ ਬੋਰਡ ਦੇ ਚੇਅਰਮੈਨ ਬਲਦੇਵ ਸਿੰਘ ਸਰਾਂ ਤੇ ਹੋਰ ਇੰਜੀਨੀਅਰਾਂ ਦੀ ਮੀਟਿੰਗ ਵਿੱਚ ਪੰਜਾਬ ਸਰਕਾਰ ਦਾ 18 ਜੂਨ ਤੋਂ ਝੋਨਾ ਲਾਉਣ ਦਾ ਸ਼ਡਿਊਲ ਰੱਦ ਕਰ ਕੇਅਗਲੀ 10 ਜੂਨ ਤੋਂ ਝੋਨਾ ਲਾਉਣ ਲਈ ਕਿਸਾਨਾਂ ਨੂੰ ਸੱਦਾ ਦੇਣ ਦਾ ਐਲਾਨ ਕਰਦਿੱਤਾ ਹੈ।



ਕਿਸਾਨ ਸੰਗਠਨਾਂ ਦੀ ਮੀਟਿੰਗ, ਜਿੱਥੇ ਸਤਨਾਮ ਸਿੰਘ ਬਹਿਰੂ, ਹਰਮੀਤ ਸਿੰਘ ਕਾਦੀਆਂ, ਨਿਰਭੈ ਸਿੰਘ ਢੁੱਡੀਕੇ, ਬੂਟਾ ਸਿੰਘ ਬੁਰਜਗਿੱਲ, ਸਤਨਾਮ ਸਿੰਘ ਸਾਹਨੀ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਬਲਵਿੰਦਰ ਸਿੰਘ ਮੱਲ੍ਹੀਨੰਗਲ, ਕੁਲਦੀਪ ਸਿੰਘ ਵਜੀਦਪੁਰ, ਕਿਰਨਜੀਤ ਸਿੰਘ ਸੇਖੋਂ, ਬੂਟਾ ਸਿੰਘ ਸ਼ਾਦੀਪੁਰ, ਡਾ. ਸਤਨਾਮ ਅਜਨਾਲਾ ਤੇ ਫੁਰਮਾਨ ਸਿੰਘ ਸੰਧੂ ਆਦਿ ਆਗੂ ਹਾਜ਼ਰ ਸਨ, ਨੇ 10 ਜੂਨ ਤੋਂ ਝੋਨਾ ਲਾਉਣ ਦਾ ਐਲਾਨ ਕਰਦਿਆਂ ਸਪੱਸ਼ਟ ਕੀਤਾ ਕਿ ਜੇ ਸਰਕਾਰ ਆਪਣਾ ਸ਼ਡਿਊਲ ਰੱਦ ਨਾ ਕਰੇਗੀ ਤਾਂ 20 ਮਈ ਨੂੰ ਕਿਸਾਨ ਭਵਨ ਚੰਡੀਗੜ੍ਹ ਵਿਖੇ ਬੈਠਕ ਕਰ ਕੇ ਸੰਘਰਸ਼ ਦਾ ਐਲਾਨ ਕਰਨਗੇ। ਸੰਯੁਕਤ ਕਿਸਾਨ ਮੋਰਚਾ ਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਾਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਕਿਸਾਨਾਂ ਦੀਆਂ ਬਿਜਲੀ ਮਹਿਕਮੇ ਨਾਲ ਸਬੰਧਤ ਕਈ ਮੰਗਾਂ ਉੱਤੇ ਹਾਂ-ਪੱਖੀ ਚਰਚਾ ਹੋਈ, ਜਿੱਥੇ ਹਰ ਕਿਸਮ ਦਾ ਓਵਰਲੋਡ ਸਿਸਟਮ ਅੰਡਰਲੋਡ ਕਰਨ ਦੇ ਲਈ ਪਾਵਰਕਾਮ ਦੇ ਚੇਅਰਮੈਨਬਲਦੇਵ ਸਿੰਘ ਸਰਾਂਦਾ ਹੁੰਗਾਰਾ ਹਾਂ-ਪੱਖੀ ਸੀ। ਲੋਡ ਫੀਸਦੀ 4700 ਰੁਪਏ ਹਾਰਸ ਪਾਵਰ ਤੋਂ ਘਠਾ ਕੇ 1200 ਕਰਨ ਬਾਰੇ ਚੇਅਰਮੈਨ ਨੇ ਮੰਨਿਆ ਕਿ 4700 ਰੁਪਏ ਰੇਟ ਵੱਧ ਹੈ, ਉਹ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਰੇਟ ਘਟਾਉਣ ਦੀ ਅਪੀਲ ਕਰਨਗੇ। ਕਿਸਾਨ ਆਗੂ ਨੇ ਕਿਹਾ ਕਿ ਚੇਅਰਮੈਨ ਨੇ ਝੋਨਾ ਸੀਜ਼ਨ ਲਈ ਜਾਰੀ ਸ਼ਡਿਊਲ ਬਾਰੇ ਕਿਹਾ ਕਿ ਇਸ ਬਾਰੇਪਾਵਰਕਾਮ ਨੂੰ ਨਹੀਂ ਪੁੱਛਿਆ ਗਿਆ। ਉਨ੍ਹਾਂ ਕਿਹਾ ਕਿ 16 ਕਿਸਾਨ ਸੰਗਠਨਾਂ ਨੇ ਪੰਜਾਬ ਸਰਕਾਰ ਨੂੰ ਇਸ ਸ਼ਡਿਊਲ ਬਾਰੇ ਚਿਤਾਵਨੀ ਦਿੱਤੀ ਹੈ ਕਿ ਜੇ ਸਰਕਾਰ ਨੇ ਇਸ ਬਾਰੇ ਮੁੜ ਵਿਚਾਰ ਨਾ ਕੀਤਾ ਤਾਂ ਕਿਸਾਨ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

# ਵੱਧ ਰਿਹਾ ਹੈ ਫਰੀਲਾਂਸ ਲਾਈਨ ਸਟੈਂਡਰਜ਼ ਦਾ ਕਾਰੋਬਾਰ

ਪੰਨਾ 1 ਦਾ ਬਾਕੀ

ਦੀਆਂ ਸੇਵਾਵਾਂ ਦੇਣ ਵਾਲੇ ਇਸ਼ਤਿਹਾਰ ਵਿੱਚ ਲਿਖਿਆ ਸੀ ‘ਲੰਮਾਂ ਸਮਾਂ ਲਾਈਨ ਵਿੱਚ ਲੱਗਣ ਦੀ ਕੀ ਲੋੜ ਹੈ, ਜਦੋਂ ਇਹ ਕੰਮ ਮੈਂ ਤੁਹਾਡੇ ਲਈ ਕਰ ਸਕਦਾ ਹਾਂ? ਤੁਹਾਨੂੰ 100 ਡਾਲਰ ਪਹਿਲੇ ਦੋ ਘੰਟਿਆਂ ਲਈ ਤੇ ਬਾਅਦ ਵਾਲੇ ਘੰਟਿਆਂ ਲਈ 25 ਡਾਲਰ ਦੇਣੇ ਹਣਗੇ।”



ਇਸ ਸਮੇਂ ਸਰਕਾਰ ਵੱਲੋਂ ਪਾਸਪੋਰਟ ਨਾਲ ਸਬੰਧਤ ਵੈੱਬਸਾਈਟ ਉੱਤੇ ਬਿਨੈਕਾਰਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਇਸ ਸਮੇਂ ਉਨ੍ਹਾਂ ਕੋਲ ਕਾਫੀ ਕੰਮ ਹੈ। ਹਾਲਾਂਕਿ ਅਪੁਆਇੰਟਮੈਂਟਸ ਆਨਲਾਈਨ ਵੀ ਬੁੱਕ ਕੀਤੀਆਂ ਜਾ ਸਕਦੀਆਂ ਹਨ ਪਰ ਕੁੱਝ ਬਿਨੈਕਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜੂਨ ਤੱਕ ਵੀ ਅਪੁਆਇੰਟਮੈਂਟ ਨਹੀਂ ਮਿਲੀ ਹੈ। ਕੈਨੇਡਾ ਸਰਕਾਰ ਵੱਲੋਂ ਅਪੁਆਇੰਟਮੈਂਟ ਹਾਸਲ ਕਰਨ ਵਿੱਚ ਆ ਰਹੀ ਦੇਰ ਦੀ ਗੱਲ ਕਰਦਿਆਂ ਆਖਿਆ ਜਾ ਰਿਹਾ ਹੈ ਕਿ ਟਰੈਵਲ ਵਿੱਚ ਲੋਕਾਂ ਦੀ ਦਿਲਚਸਪੀ ਇੱਕ ਵਾਰੀ ਮੁੜ ਵਧਣ ਕਾਰਨ ਹੀ ਲੰਮੀਆਂ ਲਾਈਨਾਂ ਲੱਗ ਰਹੀਆਂ ਹਨ। ਸਰਵਿਸ ਕੈਨੇਡਾ ਦੀ ਨਿਗਰਾਨੀ ਕਰਨ ਵਾਲੇ ਇੰਪਲੌਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਨੇ ਦੱਸਿਆ ਕਿ ਪਹਿਲੀ ਅਪਰੈਲ, 2021 ਤੋਂ 31 ਮਾਰਚ, 2022 ਤੱਕ ਉਨ੍ਹਾਂ ਵੱਲੋਂ 1,273,000 ਪਾਸਪੋਰਟ ਜਾਰੀ ਕੀਤੇ ਗਏ ਜੋ ਕਿ ਇਸੇ ਅਰਸੇ ਦੌਰਾਨ ਪਿਛਲੇ ਸਾਲ ਦੇ ਮੁਕਾਬਲੇ 250 ਫੀ ਸਦੀ ਵੱਧ ਹਨ।

# ਆਪ ਪਾਰਟੀ ਵਿਧਾਇਕ ਡਾ. ਇੰਦਰਬੀਰ ਨਿੱਝਰ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਚੁਣੇ ਗਏ

ਅੰਮ੍ਰਿਤਸਰ, 8 ਮਈ, (ਪੋਸਟ ਬਿਊਰੋ)- ਡਾਕਟਰ ਇੰਦਰਬੀਰ ਸਿੰਘ ਨਿੱਝਰ ਨੂੰ ਚੀਫ਼ ਖਾਲਸਾ ਦੀਵਾਨ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ ਹੈ।ਅੱਜਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਦੀ ਚੋਣ ਵਿੱਚ ਡਾ.ਇੰਦਰਬੀਰ ਸਿੰਘ ਨਿੱਝਰ 158 ਵੋਟਾਂ ਦੇ ਫਰਕ ਨਾਲ ਜਿੱਤ ਗਏ। ਇਸ ਚੋਣ ਪ੍ਰਕਿਰਿਆ ਵਿੱਚ ਚੀਫ ਖਾਲਸਾ ਦੀਵਾਨ ਦੇ 517 ਮੈਂਬਰਾਂ ਵਿੱਚੋਂ 332 ਮੈਂਬਰਾਂ ਨੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਅਤੇ ਡਾਕਟਰ ਨਿੱਝਰ ਪ੍ਰਧਾਨ ਚੁਣੇ ਗਏ।




ਮਿਲੀ ਜਾਣਕਾਰੀ ਅਨੁਸਾਰ ਡਾ. ਇੰਦਰਬੀਰ ਸਿੰਘ ਨਿੱਝਰ ਨੂੰ ਪ੍ਰਧਾਨ ਦੀ ਚੋਣ ਵਿੱਚ 243 ਵੋਟਾਂ ਪਈਆਂ, ਜਦ ਕਿ ਸਰਬਜੀਤ ਸਿੰਘ ਖਾਲਸਾ ਨੂੰ 85 ਵੋਟਾਂ ਹੀ ਮਿਲੀਆ ਤੇ 2 ਵੋਟਾਂ ਰੱਦ ਹੋ ਗਈਆ। ਚੀਫ ਖਾਲਸਾ ਦੀਵਾਨ ਦੇ ਪਿਛਲੇ ਪ੍ਰਧਾਨ ਨਿਰਮਲ ਸਿੰਘ ਦਾ ਬਿਮਾਰੀ ਨਾਲ ਦੇਹਾਂਤ ਹੋਣ ਕਾਰਨ ਸੰਸਥਾ ਦੇ ਸੰਵਿਧਾਨ ਅਨੁਸਾਰ 2 ਮਹੀਨੇ ਵਿੱਚ ਪ੍ਰਧਾਨ ਦੀ ਉੱਪ-ਚੋਣ ਲਾਜ਼ਮੀ ਸੀ। ਇਸ ਲਈ ਅੱਜ ਬੇਲੇਟ ਪੇਪਰ ਰਾਹੀਂ ਵੋਟਾਂ ਪਾਈਆਂ ਗਈਆਂ। ਚੀਫ ਖਾਲਸਾ ਦੀਵਾਨ ਦੇ 517 ਮੈਂਬਰ ਪੰਜਾਬ, ਹਰਿਆਣਾ, ਮੁੰਬਈ, ਦਿੱਲੀ, ਕਾਨਪੁਰ ਸਣੇ ਵੱਖ-ਵੱਖ ਰਾਜਾਂ ਨਾਲ ਸਬੰਧਿਤ ਹਨ।

ਨਵੇਂ ਚੁਣੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਝਰ ਨੇ ਇਸ ਜਿੱਤ ਲਈ ਆਪਣੇ ਵਿੱਚਭਰੋਸਾ ਜਤਾਉਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਮਿਲੀ ਜ਼ਿੰਮੇਵਾਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਸਿੱਖੀ ਤੇ ਸਿੱਖਿਆ ਨੂੰ ਉਤਸ਼ਾਹਤ ਕਰਨਾ ਉਨ੍ਹਾਂ ਦਾ ਮੁੱਖ ਟੀਚਾ ਰਹੇਗਾ ਤੇ ਸੰਸਥਾ ਦੀ ਅਗਵਾਈ ਹੇਠਲੇਸਕੂਲਾਂ ਤੇ ਕਾਲਜਾਂ ਵਿੱਚ ਘੱਟ ਖਰਚੇ ਉੱਤੇ ਉੱਚ ਪੱਧਰੀ ਸਿੱਖਿਆਦੇਣਦੇਯਤਨ ਕੀਤੇ ਜਾਣਗੇ।

# ਕੈਪਟਨ ਧੜੇ ਦੀ ਰਾਜਾ ਵੜਿੰਗ ਨੂੰ ਚੁਣੌਤੀ: ਪ੍ਰਨੀਤ ਕੌਰ ਨੂੰ ਕਾਂਗਰਸ ਤੋਂ ਕੱਢ ਕੇ ਵਿਖਾਓ

ਚੰਡੀਗੜ੍ਹ, 8 ਮਈ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਬਾਰੇ ਪੰਜਾਬ ਵਿੱਚ ਵਿਵਾਦ ਵਧਦਾ ਜਾਪਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ (ਪੀਐਲਸੀ) ਨੇ ਕਾਂਗਰਸ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਦੇ ਖਿਲਾਫ ਕਾਰਵਾਈ ਕਰ ਕੇ ਦਿਖਾਉਣ। ਇਹ ਚੁਣੌਤੀ ਉਦੋਂ ਦਿੱਤੀ ਗਈ ਹੈ, ਜਦੋਂ ਕਾਂਗਰਸ ਦੇ ਨਵੇਂ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਹ ਕਿਹਾ ਸੀ ਕਿ ਪ੍ਰਨੀਤ ਕੌਰ ਇਸ ਵਕਤ ਕਾਂਗਰਸ ਵਿੱਚ ਨਹੀਂ।

ਪਿਛਲੇ ਸਾਲ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਵੀ ਛੱਡ ਦਿੱਤੀ ਅਤੇ ਪੰਜਾਬ ਲੋਕ ਕਾਂਗਰਸ ਨਾਂ ਦੀ ਨਵੀਂ ਪਾਰਟੀ ਬਣਾਈ ਸੀ।ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਅਮਰਿੰ-ਦਰ ਸਿੰਘ ਰਾਜਾ ਵੜਿੰਗ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਪ੍ਰਨੀਤ ਕੌਰ ਕਾਂਗਰਸ ਪਾਰਟੀ ਵਿੱਚ ਨਹੀਂ, ਉਹ ਇਸ ਪਾਰਟੀ ਦਾ ਹਿੱਸਾ ਨਹੀਂ ਹਨ, ਮੈਂ ਇਹ ਗੱਲ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਕਹਿ ਰਿਹਾ ਹਾਂ।

ਇਸ ਦੇ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਦੇ ਬੁਲਾਰੇ ਪ੍ਰਿਤਪਾਲ ਸਿੰਘ ਬਲੀਆਵਾਲ ਨੇ ਕਿਹਾ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਉਮਰ ਤੋਂ ਵੱਧ ਸਮਾਂ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਨੇ ਕਾਂਗਰਸ ਨੂੰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਕਾਂਗਰਸਨਾਲ ਵਾਸਤਾ ਨਹੀਂ, ਪਰ



ਪਰਨੀਤ ਕੌਰ ਦਾ ਫੈਸਲਾ ਕਾਂਗਰਸ ਹਾਈਕਮਾਨ ਨੇ ਕਰਨਾ ਹੈ, ਕਰ ਕੇ ਦਿਖਾਓ ਜਾਂ ਗਿੱਦੜ ਭਬਕੀ ਦੀ ਲੋੜ ਨਹੀਂ।ਬਲੀਆਵਾਲ ਨੇ ਕਿਹਾ ਕਿ ਕਾਂਗਰਸ ਹਾਈਕਮਾਨ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮੰਤਰੀ ਬਣਾਉਣ ਦੀ ਹਾਮੀ ਨਹੀਂ ਸੀਭਰੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਸਲਾਹਕਾਰ ਬਣ ਕੇ ਮੰਤਰੀ ਰੈਂਕ ਦਿੱਤਾ ਸੀ।

ਵਰਨਣ ਯੋਗ ਹੈ ਕਿ ਅਸੈਂਬਲੀ ਚੋਣਾਂ ਵੇਲੇਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਨੇ ਆਪਣੇ ਪਤੀ ਅਮਰਿੰਦਰ ਸਿੰਘ ਦੀ ਪਾਰਟੀ ਲਈ ਖੁੱਲ੍ਹਾ ਪ੍ਰਚਾਰ ਕੀਤਾ ਸੀ। ਇਸ ਪਿੱਛੋਂ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਨੇ ਦਾਅਵਾ ਕੀਤਾ ਸੀ ਕਿ ਪ੍ਰਨੀਤ ਕੌਰ ਨੂੰ ਨੋਟਿਸ ਭੇਜਿਆ ਗਿਆ ਹੈ, ਪਰ ਪ੍ਰਨੀਤ ਕੌਰ ਨੇ ਇਸ ਬਾਰੇ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਸੀ। ਪ੍ਰਨੀਤ ਕੌਰ ਖੁਦ ਕਾਂਗਰਸ ਨਹੀਂ ਛੱਡ ਰਹੇ ਅਤੇ ਹਾਈਕਮਾਂਡ ਕਾਰਵਾਈ ਕਰਨ ਤੋਂ ਅਸਮਰੱਥ ਹੈ। ਕਾਰਨ ਇਹ ਹੈ ਕਿ ਜੇ ਉਹ ਖੁਦ ਪਾਰਟੀ ਛੱਡਦੇ ਹਨ ਤਾਂ ਉਨ੍ਹਾਂ ਨੂੰ ਪਾਰਲੀਮੈਂਟ ਮੈਂਬਰ ਦਾ ਅਹੁਦਾ ਛੱਡਣਾ ਪਵੇਗਾ ਅਤੇਜੇ ਹਾਈਕਮਾਂਡ ਹਟਾ ਦਿੰਦੀ ਹੈ ਤਾਂ ਉਨ੍ਹਾਂ ਉੱਤੇ ਦਲ-ਬਦਲੀ ਵਿਰੋਧੀ ਕਾਨੂੰਨ ਲਾਗੂ ਨਹੀਂ ਹੋਵੇਗਾ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011


## ਬੈਂਕ ਅਮਲੇ ਨੂੰ ਬੰਦੀ ਬਣਾ ਕੇ 5.72 ਲੱਖ ਰੁਪਏ ਲੁੱਟੇ

ਅੰਮ੍ਰਿਤਸਰ, 7 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੀ ਜੀ ਟੀ ਰੋਡ ਉੱਤੇ ਇੱਕ ਸ਼ਾਪਿੰਗ ਮਾਲ ਨੇੜੇ ਸੈਂਟਰਲ ਬੈਂਕ ਆਫ ਇੰਡੀਆ ਦੀ ਬਰਾਂਚ ਤੋਂ ਕੱਲ੍ਹ ਚਾਰ ਲੁਟੇਰਿਆਂ ਨੇ ਬੈਂਕ ਸਟਾਫ ਨੂੰ ਬੰਦੀ ਬਣਾ ਕੇ ਦਿਨ ਦੀਵੀਂ ਲੱਗਭਗ 5.72 ਲੱਖ ਰੁਪਏ ਲੁੱਟ ਲਏ। ਇਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਲੁਟੇਰੇ ਇੱਕ ਕਾਰ ਵਿੱਚ ਆਏ ਸਨ। ਲੁੱਟ ਦੀ ਸੂਚਨਾ ਮਿਲਣ ਪਿੱਛੋਂ ਵਾਰਦਾਤ ਵਾਲੀ ਥਾਂ ਪਹੁੰਚੇ ਪੁਲਸ ਕਮਿਸ਼ਨਰ ਅਰੁਣ ਪਾਲ ਸਿੰਘ ਨੇ ਆਖਿਆ ਕਿ ਘਟਨਾ ਦੀ ਜਾਂਚ ਚੱਲ ਰਹੀ ਹੈ। ਹੋਰ ਵੇਰਵੇ ਦੱਸਣ ਤੋਂ ਮਨ੍ਹਾਂ ਕਰ ਕੇ ਉਨ੍ਹਾਂ ਕਿਹਾ ਕਿ ਇਸ ਨਾਲ ਜਾਂਚ ਪ੍ਰਭਾਵਿਤ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਲੁਟੇਰਿਆਂ ਦੀ ਪਛਾਣ ਸਬੰਧੀ ਕੁਝ ਸਬੂਤ ਮਿਲੇ ਹਨ, ਜਿਨ੍ਹਾਂ ਦੇ ਆਧਾਰ ਉੱਤੇ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਲੁਟੇਰੇ ਚਿੱਟੇ ਰੰਗ ਦੀ ਕਾਰ ਵਿੱਚ ਆਏ ਸਨ। ਇਸ ਬਾਰੇ ਬੈਂਕ ਅਤੇ ਇਲਾਕੇ ਦੇ ਸੀ ਸੀ ਟੀ ਵੀ ਕੈਮਰੇ ਵੇਖੇ ਜਾ ਰਹੇ ਹਨ।ਬੈਂਕ ਅਫਸਰ ਵਿਜੈ ਮਹਿਰਾ ਨੇ ਦੱਸਿਆ ਕਿਦੁਪਹਿਰ ਵੇਲੇ ਲੁਟੇਰਿਆਂ ਵਿੱਚੋਂ ਇੱਕ ਗ੍ਰਾਹਕ ਬਣ ਕੇ ਬੈਂਕ ਵਿੱਚ ਆਇਆ ਅਤੇ ਫਿਰ ਉਸ ਨੇ ਬਾਕੀ ਸਾਥੀ ਅੰਦਰ ਸੱਦ ਲਏ, ਜਿਨ੍ਹਾਂ ਨੇ ਬੈਂਕ ਵਿੱਚੋਂ ਨਗਦੀ ਖੋਹ ਲਈ। ਇੱਕ ਬੈਂਕ ਮੁਲਾਜ਼ਮ ਨੇ ਦੱਸਿਆ ਕਿ ਜਿਹੜਾ ਲੁਟੇਰਾ ਪਹਿਲਾਂ ਅੰਦਰ ਆਇਆ ਸੀ, ਉਸ ਨੇ ਬੈਂਕ ਵਿੱਚ ਖਾਤਾ ਖੋਲ੍ਹਣ ਦੀਆਂ ਸ਼ਰਤਾਂ ਬਾਰੇ ਪੁੱਛਿਆ ਅਤੇ ਵਾਪਸ ਚਲਾ ਗਿਆ। ਦਸ ਮਿੰਟ ਬਾਅਦ ਉਹ ਸਾਰੇ ਵਾਪਸ ਆਏ। ਇਨ੍ਹਾਂ ਵਿੱਚੋਂ ਇੱਕ ਜਣਾ ਬੈਂਕ ਦੇ ਗੇਟ ਕੋਲ ਖੜ੍ਹਾ ਰਿਹਾ ਅਤੇ ਬਾਕੀ ਕੈਸ਼ ਕਾਊਂਟਰ ਕੋਲ ਆ ਗਏ। ਇੱਕ ਜਣਾ ਮੈਨੇਜਰ ਦੇ ਕਮਰੇ ਨੂੰ ਚਲਾ ਗਿਆ। ਉਸ ਨੇ ਪਿਸਤੌਲ ਦਿਖਾ ਕੇ ਇੱਕ ਔਰਤ ਅਤੇ ਅਮਲੇ ਨੂੰ ਬੰਦੀ ਬਣਾਇਆ ਤੇ ਨਕਦੀ ਲੁੱਟਕੇ ਫਰਾਰ ਹੋ ਗਏ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਹਾਰ ਕੇ ਜਿੱਦਾਂ ਜੁਆਰੀਏ ਫਿਰਨ ਡਿੱਗਦੇ,
ਉਹੀਓ ਕਾਂਗਰਸ ਦੇ ਜਾਪਦੇ ਹਾਲ ਮੀਆਂ।
ਆਪਸ ਵਿੱਚ ਇਹ ਝਗੜਦੇ ਨਿੱਤ ਰਹਿੰਦੇ,
ਬੱਝਵਾਂ ਕੋਈ ਨਹੀਂ ਕਿਸੇ ਦੇ ਨਾਲ ਮੀਆਂ।
ਲੀਡਰਸ਼ਿਪ ਵੀ ਲੀਡਰ ਤੋਂ ਬਿਨਾਂ ਲੱਗਦੀ,
ਨਾ ਕੋਈ ਸੁਰ ਨਾ ਉਹਦੀ ਹੈ ਤਾਲ ਮੀਆਂ।
ਕੌਮੀ ਲੀਡਰ ਨੇ ਆਪਸ ਵਿੱਚ ਲੜੀ ਜਾਂਦੇ,
ਸਾਂਝਾ ਲੀਡਰ ਵੀ ਮਿਲੇ ਨਹੀਂ ਭਾਲ ਮੀਆਂ।
ਅਗਲੀ ਚੋਣ ਵੀ ਨੇੜੇ ਫਿਰ ਤੁਰੀ ਆਉਂਦੀ,
ਉਹਦਾ ਗੱਲੀਂ ਤਾਂ ਬਹੁਤ ਹੈ ਜ਼ਿਕਰ ਮੀਆਂ।
ਓਦਾਂ ਫਿਕਰ ਨਹੀਂ ਦਿੱਸੇ ਕੋਈ ਪਾਰਟੀ ਦਾ,
ਆਪੋ-ਆਪਣਾ ਦਿੱਸੇ ਪਿਆ ਫਿਕਰ ਮੀਆਂ।

**ਤੀਸ ਮਾਰ ਖਾਂ**

# ਤਰਨ ਤਾਰਨ ਵਿੱਚ ਵੱਡੀ ਮਾਤਰਾ ਵਿੱਚ ਆਰ ਡੀ ਐਕਸ ਬਰਾਮਦ, 2 ਜਣੇ ਗ੍ਰਿਫਤਾਰ

ਤਰਨ ਤਾਰਨ, 8 ਮਈ, (ਪੋਸਟ ਬਿਊਰੋ)- ਹਰਿਆਣਾ ਦੇ ਕਰਨਾਲ ਤੋਂ ਪਿੱਛੋਂ ਪੰਜਾਬ ਪੁਲਿਸ ਨੇ ਤਰਨ ਤਾਰਨ ਜ਼ਿਲ੍ਹੇ ਤੋਂ ਵੱਡੀ ਮਾਤਰਾ ਵਿੱਚ ਆਰਡੀਐਕਸ ਬਰਾਮਦ ਕੀਤਾ ਹੈ।ਇਹ ਬਰਾਮਦਗੀ ਕੁੱਲ ਢਾਈ ਕਿੱਲੋ ਦੱਸੀ ਗਈ ਹੈ, ਜਿਸ ਨੂੰ ਏਥੇ ਇੱਕ ਖੰਡਰ ਜਿਹੀ ਇਮਾਰਤ ਵਿੱਚਰੱਖਿਆ ਹੋਇਆ ਸੀ। ਇਸ ਗੱਲ ਦੀ ਪੁਸ਼ਟੀ ਤਰਨ ਤਾਰਨ ਦੇ ਐਸਐਸਪੀ ਰਣਜੀਤ ਸਿੰਘ ਨੇ ਕੀਤੀ ਹੈ ਅਤੇ ਇਸ ਕੇਸਵਿੱਚ 2 ਸ਼ੱਕੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ।

ਤਰਨ ਤਾਰਨ ਜ਼ਿਲ੍ਹਾ ਭਾਰਤ-ਪਾਕਿਸਤਾਨ ਦੀ ਸਰਹੱਦ ਉੱਤੇ ਹੈ। ਇੱਥੇ ਭਾਰੀ ਵਿਸਫੋਟਕ ਮਿਲਣ ਨਾਲ ਸਨਸਨੀ ਫੈਲ ਗਈ ਹੈ।ਜ਼ਿਲਾ ਪੁਲਸ ਮੁਖੀ ਰਣਜੀਤ ਸਿੰਘ ਨੇ ਦੱਸਿਆ ਕਿ ਖੰਡਰ ਇਮਾਰਤ ਵਿੱਚ ਆਰਡੀਐਕਸ ਰੱਖਿਆ ਸੀ, ਜਿਸ ਬਾਰੇ ਪੁਲਿਸ ਤੇ ਖੁਫੀਆ ਵਿਭਾਗ ਦੀ ਟੀਮ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਕੁਝ ਦਿਨ ਪਹਿਲਾਂ ਹਰਿਆਣਾ ਦੇ ਕਰਨਾਲ ਵਿੱਚ ਪੁਲਿਸ ਨੇ ਵੱਡੀ ਮਾਤਰਾ ਵਿੱਚ ਵਿਸਫੋਟਕ ਬਰਾਮਦ ਕਰਕੇ 4



ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ।ਅੱਜਤਰਨ ਤਾਰਨ ਜ਼ਿਲੇਵਿੱਚ ਮਿਲੇ ਇਸ ਆਰਡੀਐਕਸ ਨੂੰ ਛੁਪਾਉਣ ਨੂੰ ਕਰਨਾਲ ਵਾਲੇ ਕੇਸਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਕਰਨਾਲ ਤੋਂ ਫੜੇ ਖਾੜਕੂਆਂ ਨੇ ਦੱਸਿਆ ਸੀ ਕਿ ਅੰਮ੍ਰਿਤਸਰ-ਤਰਨ ਤਾਰਨ ਹਾਈਵੇਅ ਅਤੇ ਨਾਂਦੇੜ-ਹੈਦਰਾਬਾਦ ਰੂਟ ਉੱਤੇ ਆਈਈਡੀ, ਹਥਿਆਰ ਅਤੇ ਗ੍ਰਨੇਡ ਰੱਖੇ ਹੋਏ ਸਨ, ਜਿਸ ਤੋਂ ਬਾਅਦ ਕੇਂਦਰੀ ਏਜੰਸੀਆਂ ਨੇ ਇਸ ਬਾਰੇ ਜਾਂਚ ਸ਼ੁਰੂ ਕੀਤੀ ਸੀ।

# ਹਾਈ ਕੋਰਟ ਨੇ ਸਾਫ ਕਿਹਾ: ਪ੍ਰਾਈਵੇਟ ਸਕੂਲਾਂ ਨੂੰ ਵੀ ਮੰਗੀ ਗਈ ਹਰ ਜਾਣਕਾਰੀ ਦੇਣੀ ਪਵੇਗੀ

ਚੰਡੀਗੜ੍ਹ, 8 ਮਈ, (ਪੋਸਟ ਬਿਊਰੋ)- ਹਰਿਆਣਾ ਦੇ ਸਾਰੇ ਪ੍ਰਾਈਵੇਟ ਸਕੂਲਾਂ ਨੂੰ ਆਰ ਟੀ ਆਈ ਹੇਠ ਮੰਗੀ ਗਈ ਹਰ ਜਾਣਕਾਰੀ ਦੇਣੀ ਪਵੇਗੀ। ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬੱਜਟ ਸਕੂਲਾਂ ਦੀ ਐਸੋਸੀਏਸ਼ਨ ਦੀ ਆਗੂ ਨਿਸ਼ਾ ਵੱਲੋਂ ਸੂਚਨਾ ਨਾ ਦੇਣ ਦੀ ਅਰਜ਼ੀ 5 ਮਈ ਨੂੰ ਰੱਦ ਕਰ ਦਿੱਤੀ ਸੀ।

ਇਸ ਪਿੱਛੋਂਹਰਿਆਣਾ ਸਰਪ੍ਰਸਤ ਏਕਤਾ ਮੰਚ ਨੇ ਇਸ ਨੂੰ ਮਾਪਿਆਂ ਦੀ ਜਿੱਤ ਕਿਹਾ ਹੈ। ਫੋਰਮ ਦੇ ਸੂਬਾ ਪ੍ਰਧਾਨ ਐਡਵੋਕੇਟ ਓਪੀ ਸ਼ਰਮਾ ਤੇ ਸੂਬਾ ਜਨਰਲ ਸੈਕਟਰੀ ਕੈਲਾਸ਼ ਸ਼ਰਮਾ ਨੇ ਕਿਹਾ ਕਿ ਰਾਜ ਸੂਚਨਾ ਕਮਿਸ਼ਨ (ਐੱਸ ਆਈ ਸੀ) ਨੇ ਅਗਸਤ 2021 ਵਿੱਚ ਇੱਕ ਹੁਕਮ ਵਿੱਚ ਕਿਹਾ ਸੀ ਕਿ ਪ੍ਰਾਈਵੇਟ ਸਕੂਲਆਰ ਟੀ ਆਈਹੇਠ ਜਾਣਕਾਰੀ ਦੇਣ ਤੋਂ ਨਾਂਹ ਨਹੀਂ ਕਰ ਸਕਦੇ।ਐੱਸ ਆਈ ਸੀ ਦੇ ਹੁਕਮ ਦੀ ਪਾਲਣਾ ਲਈ



ਹਰਿਆਣਾਸਕੂਲਸਿੱਖਿਆ ਡਾਇਰੈਕਟੋਰੇਟ ਪੰਚਕੂਲਾ ਨੇ 3 ਸਤੰਬਰ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਪੱਤਰ ਭੇਜ ਕੇ ਕਿਹਾ ਸੀ ਕਿ ਪ੍ਰਾਈਵੇਟ ਸਕੂਲਾਂ ਦੀ ਦਲੀਲ, ਕਿ ਉਹ ਪ੍ਰਾਈਵੇਟ ਸੰਸਥਾਵਾਂ ਹਨ, ਇਸ ਲਈ ਸੂਚਨਾ ਦੇਣ ਦੇ ਪਾਬੰਦ ਨਹੀਂ, ਨੂੰ ਰਾਜ ਸੂਚਨਾ ਕਮਿਸ਼ਨ ਨੇ ਰੱਦ ਕਰ ਦਿੱਤਾ ਹੈ, ਇਸ ਲਈ ਆਰਟੀਆਈ ਹੇਠ ਪ੍ਰਾਈਵੇਟ ਸਕੂਲਾਂ ਤੋਂ ਮੰਗੀ ਸੂਚਨਾ ਪ੍ਰਾਈਵੇਟ ਸਕੂਲਾਂ ਤੋਂ ਲੈ ਕੇ ਮੰਗਣ ਵਾਲੇ ਨੂੰ ਦਿੱਤੀ ਜਾਵੇ। ਜਿਹੜੇ ਸਕੂਲਸੂਚਨਾ ਦੇਣ ਤੋਂ ਨਾਂਹ ਕਰਦੇ ਹਨ, ਉਨ੍ਹਾਂ ਸਕੂਲਾਂ ਨੂੰ ਸਿੱਖਿਆ ਡਾਇਰੈਕਟੋਰੇਟ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਕਰ ਕੇਸਕੂਲ ਦੀ ਮਾਨਤਾ ਵਾਪਸ ਲੈਣ ਲਈ ਕਾਰਨ ਦੱਸੋ ਨੋਟਿਸ ਭੇਜਿਆ ਜਾਵੇ।

ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਇਸ ਹੁਕਮ ਵਿਰੁੱਧ ਐਸੋਸੀਏਸ਼ਨ ਆਫ਼ ਸਕੂਲਜ਼ ਨਿਸ਼ਾ ਨੇ ਹਾਈ ਕੋਰਟ ਵਿੱਚਅਰਜ਼ੀ ਦਾਇਰ ਕੀਤੀ ਸੀ, ਜਿਸ ਉੱਤੇ ਕੋਰਟ ਨੇ ਅੰਤਰਿਮ ਹੁਕਮ ਵਿੱਚ ਰਾਜ ਸਰਕਾਰ ਨੂੰ ਕਿਹਾ ਕਿ ਉਹ ਆਰ ਟੀ ਆਈ ਦੇ ਕੇਸਵਿੱਚ ਪ੍ਰਾਈਵੇਟ ਸਕੂਲਾਂ ਉੱਤੇ ਸਖ਼ਤ ਕਾਰਵਾਈ ਕਰੇ। ਇਸ ਪਿੱਛੋਂ 5 ਮਈ ਦੀ ਸੁਣਵਾਈ ਮੌਕੇ ਹਾਈ ਕੋਰਟ ਨੇ ਸਕੂਲਾਂ ਦੀ ਪਟੀਸ਼ਨ ਰੱਦ ਕਰ ਦਿੱਤੀ ਤੇ ਪ੍ਰਾਈਵੇਟ ਸਕੂਲਆਰ ਟੀ ਆਈ ਦੇ ਘੇਰੇ ਹੇਠ ਆ ਜਾਣ ਨਾਲਹਰ ਨਾਗਰਿਕ, ਮਾਪੇ ਸੀਬੀਐਸਈ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਆਰ ਟੀ ਆਈ ਐਕਟ ਹੇਠ ਪ੍ਰਾਈਵੇਟ ਸਕੂਲਾਂ ਤੋਂ ਜਾਣਕਾਰੀ ਮੰਗ ਸਕਦੇ ਹਨ।ਪਹਿਲਾਂ ਜਦੋਂ ਪਬਲਿਕ ਤੇ ਮਾਪੇ ਸਿੱਖਿਆ ਅਫਸਰ ਰਾਹੀਂ ਪ੍ਰਾਈਵੇਟ ਸਕੂਲਾਂ ਤੋਂ ਕੋਈ ਜਾਣਕਾਰੀ ਮੰਗਦੇ ਤਾਂ ਪ੍ਰਾਈਵੇਟ ਸਕੂਲ ਇਹ ਕਹਿੰਦੇ ਸਨ ਕਿ ਉਹ ਆਰ ਟੀ ਆਈ ਐਕਟ ਹੇਠ ਨਹੀਂ ਆਉਂਦੇ।

# ਦਿੱਲੀ ਏਅਰਪੋਰਟ ਦੇ ਲਈ ਪੰਜਾਬ ਸਰਕਾਰ ਦੀਆਂ 30 ਵੋਲਵੋ ਬੱਸਾਂ ਚੱਲਿਆ ਕਰਨਗੀਆਂ

ਜਲੰਧਰ, 8 ਮਈ (ਪੋਸਟ ਬਿਊਰੋ)- ਕਾਫੀ ਲੰਮੇ ਸਮੇਂ ਤੋਂ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੇਸ਼ਨਲ (ਆਈ ਜੀ ਆਈ) ਏਅਰਪੋਰਟ ਤੱਕ ਸਰਕਾਰੀ ਵੋਲਵੋ ਬੱਸ ਸੇਵਾ ਸ਼ੁਰੂ ਹੋਣ ਦਾ ਇੰਤਜ਼ਾਰ ਕਰਦੇ ਇਸ ਰਾਜ ਦੇ ਲੋਕਾਂ ਨੂੰ ਸਰਕਾਰ ਰਾਹਤ ਦੇਣ ਲੱਗੀ ਹੈ। ਇਸ ਵਿੱਚ 30 ਵੋਲਵੋ ਬੱਸਾਂ ਸ਼ੁਰੂ ਕਰਨ ਦੀ ਯੋਜਨਾ ਹੈ, ਜਿਨ੍ਹਾਂ ਵਿੱਚੋਂ ਪੰਜਾਬ ਰੋਡਵੇਜ਼ ਵੱਲੋਂ 21 ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਵੱਲੋਂ ਨੌਂ ਬੱਸਾਂ ਚਲਾਈਆਂ ਜਾ ਸਕਦੀਆਂ ਹਨ।

ਪੰਜਾਬ ਟਰਾਂਸਪੋਰਟ ਵਿਭਾਗ ਦੇ ਸੈਕਟਰੀ ਵਿਕਾਸ ਗਰਗ ਇਸ ਬਾਰੇ ਦਿੱਲੀ ਵਿੱਚ ਬੈਠਕ ਕਰ ਚੁੱਕੇ ਹਨ ਅਤੇ ਇਸ ਸਮੇਂ ਰੋਡਵੇਜ਼ ਦੇ ਅਫਸਰ ਦਿੱਲੀ ਏਅਰਪੋਰਟ ਲਈ ਨਵੇਂ ਪਰਮਿਟ ਲੈਣ, ਪੁਰਾਣੇ ਪਰਮਿਟ ਐਕਸਟੈਂਡ ਕਰਵਾਉਣ ਅਤੇ ਸਾਧਾਰਨ ਬੱਸਾਂ ਦੇ ਪਰਮਿਟ ਵੋਲਵੋ ਵਿੱਚ ਕਨਵਰਟ ਕਰਾਉਣ ਲੱਗੇ ਹੋਏ ਹਨ।



ਪੰਜਾਬ ਰੋਡਵੇਜ਼ ਕੋਲ ਇਸ ਸਮੇਂ ਆਪਣੀਆਂ 57 ਵੋਲਵੋ ਬੱਸਾਂ ਹੈ, ਇਸ ਲਈ 21 ਵੋਲਵੋ ਏਅਰਪੋਰਟ ਤੱਕ ਚਲਾਉਣ ਵਿੱਚ ਪਰੇਸ਼ਾਨੀ ਨਹੀਂ ਹੋਵੇਗੀ। ਪੀ ਆਰ ਟੀ ਸੀ ਦੇ ਲਈ ਵੀ ਨੌਂ ਵਾਲਵੋ ਬੱਸਾਂ ਚਲਾਉਣਾ ਵੀਕੋਈ ਸਮੱਸਿਆ ਨਹੀਂ। ਕੋਸ਼ਿਸ਼ਾਂ ਹੋ ਰਹੀਆਂ ਹਨ ਕਿ ਰੂਟ ਇਸ ਤਰ੍ਹਾਂ ਬਣਾਏ ਜਾਏ ਕਿ ਇੱਕੋ ਰੂਟ ਉੱਤੇ ਬਹੁਤ ਸਾਰੇ ਪ੍ਰਮੁੱਖ ਸ਼ਹਿਰ ਕਵਰ ਹੋ ਜਾਣ। ਰੋਡਵੇਜ ਅਧਿਕਾਰੀਆਂ ਮੁਤਾਬਿਕ ਏਅਰਪੋਰਟ ਜਾਣ ਵਾਲੀਆਂ ਵੋਲਵੋ ਬੱਸਾਂ ਦੇ ਬਹੁਤੇ ਟਾਈਮ ਇਸ ਤਰ੍ਹਾਂ ਨਾਲ ਮਿਥੇ ਜਾਣਗੇ ਕੀ ਰਾਤ ਦਸ ਤੋਂ ਸਵੇਰੇ ਤਿੰਨ ਵਜੇ ਤੱਕ ਜਾਣ ਵਾਲੀਆਂ ਫਲਾਈਟਸ ਫੜਨ ਵਾਲੇ ਯਾਤਰੀਆਂ ਨੂੰ ਫਾਇਦਾ ਹੋਵੇ।

# ਆਪ ਪਾਰਟੀ ਦੇ ਵਿਧਾਇਕ ਜਸਵੰਤ ਸਿੰਘ ਗੱਜਣ ਮਾਜਰਾ ਵਿਰੁੱਧ ਸੀ ਬੀ ਆਈ ਛਾਪਾ

* ਵਿਧਾਇਕ ਵੱਲੋਂ ਆਪਣਾ ਪੱਖ ਲੋਕਾਂ ਅੱਗੇ ਪੇਸ਼



ਮਾਲੇਰਕੋਟਲਾ, 8 ਮਈ, (ਪੋਸਟ ਬਿਊਰੋ)-ਇਸ ਜ਼ਿਲੇ ਵਿੱਚਅੱਜ ਅਚਾਨਕ ਹਲਕਾ ਅਮਰਗੜ੍ਹ ਦੇ ਮੌਜੂਦਾ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਦੇ ਘਰ ਅਤੇ ਫੈਕਟਰੀਆਂ ਵਿੱਚ ਸੀਬੀਆਈ ਵੱਲੋਂ ਛਾਪਾ ਪੈਣ ਦੀ ਖ਼ਬਰ ਫੈਲ ਗਈ, ਜਿਸ ਵਿੱਚ ਕਈ ਮੀਡੀਆ ਚੈਨਲਾਂ ਨੇ ਇਸ ਨੂੰ ਬੈਂਕ ਘਪਲੇ ਨਾਲ ਜੋੜਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੀ ਟੀਮ ਨੇ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨਾਲ ਜੁੜੇ ਦੱਸੇ ਜਾਂਦੇ 40 ਕਰੋੜ ਰੁਪਏ ਤੋਂ ਵੱਧ ਦੇ ਬੈਂਕ ਧੋਖਾਧੜੀ ਕੇਸਵਿੱਚ ਸੰਗਰੂਰ ਦੇ ਤਿੰਨ ਥਾਂਈਂ ਛਾਪੇਮਾਰੇ ਹਨ।ਸੀ ਬੀ ਆਈ ਅਫਸਰਾਂ ਮੁਤਾਬਕ ਵਿਧਾਇਕ ਦੇ ਖਿਲਾਫ ਮਾਲੇਰਕੋਟਲਾ ਇਲਾਕੇ ਵਿੱਚ ਛਾਪੇਵੱਜੇ ਹਨ। ਉਨ੍ਹਾਂ ਦੱਸਿਆ ਕਿ ਜਸਵੰਤ ਸਿੰਘ ਗੱਜਣਮਾਜਰਾ ਵਿਰੁੱਧਬੈਂਕ ਆਫ਼ ਬੜੌਦਾ ਵੱਲੋਂਮਿਲੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਹੈ। ਜਾਣਕਾਰ ਸੂਤਰਾਂ ਦੇ ਮੁਤਾਬਕ ਛਾਪੇਮਾਰੀ ਸੰਗਰੂਰ ਅਤੇ ਮਾਲੇ-ਰਕੋਟਲਾ ਵਿਚ ਹੋਈ ਹੈ।ਪਤਾ ਲੱਗਾ ਹੈ ਕਿ ਸੀ ਬੀ ਆਈ ਨੂੰਜਸਵੰਤ ਸਿੰਘ ਗੱਜਣਾਜਰਾ ਦੇ ਟਿਕਾਣਿਆਂ ਤੋਂ 94 ਬਲੈਂਕ ਚੈੱਕ ਮਿਲੇ ਹਨ। ਸੀ ਬੀ ਆਈਇਸ ਕੇਸ ਬਾਰੇ ਕੋਈ ਸੂਚਨਾ ਨਹੀਂ ਦੇ ਰਹੀ, ਇਸ ਲਈ ਵੱਖੋ-ਵੱਖ ਚਰਚੇ ਚੱਲ ਰਹੇ ਹਨ।

ਵਰਨਣ ਯੋਗ ਹੈ ਕਿ ਜਸਵੰਤ ਸਿੰਘ ਗੱਜਣਮਾਜਰਾ ਪਸ਼ੂਆਂ ਦੀ ਫੀਡ ਅਤੇ ਸਿੱਖਿਆ ਦੇ ਬਿਜਨਿਸ ਨਾਲ ਜੁੜੇ ਹੋਏ ਹਨ।ਆਮ ਆਦਮੀ ਪਾਰਟੀਵੱਲੋਂ ਅਮਰਗੜ੍ਹ ਹਲਕੇ ਤੋਂ ਚੁਣੇ ਗਏ ਜਸਵੰਤ ਸਿੰਘ ਗੱਜਣਮਾਜਰਾ ਉਹੀ ਵਿਧਾਇਕ ਹਨ, ਜਿਨ੍ਹਾਂਨੇ ਵਿਧਾਨ ਸਭਾ ਚੋਣਾਂ ਜਿੱਤਣ ਪਿੱਛੋਂ ਐਲਾਨ ਕੀਤਾ ਸੀ ਕਿ ਉਹ ਸਿਰਫ ਇਕ ਰੁਪਿਆ ਤਨਖਾਹ ਲੈਣਗੇ।

ਇਸ ਬਾਰੇਵਿਧਾਇਕ ਜਸਵੰਤ ਸਿੰਘਗੱਜਣਮਾਜਰਾ ਨੇ ਪ੍ਰੈੱਸ ਕਾਨਫਰੰਸ ਕਰ ਕੇਕਿਹਾ ਕਿ ਇਹ ਛਾਪਾ ਸਿਆਸੀ ਕਾਰਨਾਂ ਕਰਕੇ ਬਦਲਾਖੋਰੀ ਦੀ ਭਾਵਨਾ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਪ੍ਰੇਸ਼ਾਨ ਕਰਨ ਲਈ ਮਾਰਿਆ ਗਿਆ ਹੈ, ਜਿਸ ਦਾ ਉਹ ਕਾਨੂੰਨੀ ਪੱਖੋਂ ਜਵਾਬ ਦੇਣਗੇ।ਪੁੱਛੇ ਜਾਣ ਉੱਤੇ ਮਾਲੇਰਕੋਟਲਾ ਦੇ ਪਟਵਾਰੀ ਵਾਲੇ ਕੇਸ ਦੇ ਸਬੰਧ ਵਿੱਚ ਉਨ੍ਹਾਂ ਨੇ ਕਿਹਾ ਕਿ ਕਾਨੂੰਨੀ ਤੌਰ ਉੱਤੇ ਸਾਰਾ ਕੁਝ ਹੋ ਰਿਹਾ, ਮੇਰਾ ਇਸ ਵਿੱਚ ਕੋਈ ਰੋਲ ਨਹੀਂ।

ਗੁਹਾਟੀ ਹਾਈ ਕੋਰਟ ਦਾ ਫੈਸਲਾ

# ਇਕ ਵਾਰੀ ਭਾਰਤੀ ਐਲਾਨੇ ਵਿਅਕਤੀ ਨੂੰ ਵਿਦੇਸ਼ੀ ਨਹੀਂ ਠਹਿਰਾਇਆ ਜਾ ਸਕਦਾ

ਗੁਹਾਟੀ, 8 ਮਈ, (ਪੋਸਟ ਬਿਊਰੋ)-ਆਸਾਮ ਨਾਲ ਸੰਬੰਧਤ ਗੁਹਾਟੀ ਹਾਈ ਕੋਰਟ ਨੇ ਅੱਜ ਇਹ ਫੈਸਲਾ ਸੁਣਾਇਆ ਹੈ ਕਿ ਜੇ ਆਸਾਮ ਵਿੱਚ ਵਿਦੇਸ਼ੀਆਂ ਬਾਰੇ (ਫਾਰੇਨਰਜ਼) ਟ੍ਰਿਬਿਊਨਲ ਕਿਸੇ ਵਿਅਕਤੀ ਨੂੰ ਭਾਰਤੀ ਨਾਗਰਿਕ ਐਲਾਨ ਕਰ ਦੇਵੇ ਤਾਂ ਟ੍ਰਿਬਿਊਨਲ ਵਿੱਚ ਉਸ ਉੱਤੇ ਦੂਸਰੀ ਵਾਰ ਵਿਦੇਸ਼ੀ ਕਹਿ ਕੇ ਕੇਸ ਨਹੀਂ ਚਲਾਇਆ ਜਾ ਸਕਦਾ।

ਜਸਟਿਸ ਐਨ ਕੋਟੇਸ਼ਵਰਾ ਸਿੰਘ ਅਤੇ ਜਸਟਿਸ ਮਾਲਸ੍ਰੀ ਨੰਦੀ ਦੇ ਡਿਵੀਜ਼ਨ ਬੈਂਚ ਨੇ ਪਿੱਛੇ ਜਿਹੇ 12 ਪਟੀਸ਼ਨਾਂ ਦੇ ਸੈੱਟ ਉੱਤੇ ਹੁਕਮ ਦਿੱਤਾ ਹੈ, ਜਿਸ ਵਿੱਚਲਿਖਿਆ ਸੀ ਕਿ 'ਰੇਸ ਜੂਡੀਕਾਟਾ' ਦਾ ਸਿਧਾਂਤਏਥੇ ਵਿਦੇਸ਼ੀ ਟ੍ਰਿਬਿਊਨਲਾਂ ਉੱਤੇ ਲਾਗੂ ਹੁੰਦਾ ਹੈ।'ਰੇਸ ਜੂਡੀਕਾਟਾ' ਦਾ ਅਰਥ ਹੈ ਕਿ ਇੱਕ ਵਾਰ ਕੇਸ ਦਾ ਨਿਬੇੜਾ ਹੋਣ ਮਗਰੋਂ ਇਸ ਨੂੰ ਇੱਕੋ ਧਿਰ ਵੱਲੋਂ ਦੁਬਾਰਾ ਨਹੀਂ ਚਲਾਇਆ ਜਾ ਸਕਦਾ। ਹਾਈ ਕੋਰਟ ਨੇ ਦੇਖਿਆ ਕਿ ਇਸ ਤੋਂ ਪਹਿਲੀਆਂ ਪਟੀਸ਼ਨਾਂ ਬਾਰੇ ਬੈਂਚ ਨੇ 'ਰੇਸ ਜੂਡੀਕਾਟਾ' ਦੇ ਸਿਧਾਂਤ ਦੀ ਗੱਲ ਕਹੀ ਸੀ। ਪਟੀਸ਼ਨਰ ਦੀਆਂ ਦਲੀਲਾਂ ਇੱਕ ਵਿਅਕਤੀ ਅਬਦੁਲ ਕੁਦਾਸ ਦੇ ਕੇਸ ਵਿਚ ਸੁਪਰੀਮ ਕੋਰਟ ਦੇ ਇੱਕ ਫੈਸਲੇ ਉੱਤੇ ਆਧਾਰਤ ਸਨ ਕਿ ਵਿਦੇਸ਼ੀ ਲੋਕਾਂ ਬਾਰੇ ਟ੍ਰਿਬਿਊਨਲ ਦੇ ਸਾਹਮਣੇ ਅਗਲੀ ਕਾਰਵਾਈ 'ਰੇਸਜੂਡੀਕਾਟਾ' ਦੇ ਸਿਧਾਂਤ ਨਾਲ ਰੋਕੀ ਗਈ ਹੈ। ਇਸ ਬਾਰੇ ਅਦਾਲਤ ਨੇ ਹੁਕਮਦਿੱਤਾ ਕਿ ਜਦੋਂ ਵੀ ਕੋਈ ਪਟੀਸ਼ਨਰ ਇਸ ਆਧਾਰ ਉੱਤੇ'ਰੇਸਜੂਡੀਕਾਟਾ'ਦੀ ਦਲੀਲ ਦੇਵੇ ਕਿ ਉਸ ਨੂੰ ਪਹਿਲਾਂ ਫਾਰੇਨਰਜ਼ ਟ੍ਰਿਬਿਊਨਲ ਵੱਲੋਂ ਇੱਕ ਕੇਸ ਦੀ ਕਾਰਵਾਈ ਦੌਰਾਨ ਭਾਰਤੀ ਐਲਾਨ ਕਰ ਦਿੱਤਾ ਗਿਆ ਸੀ ਤਾਂ ਟ੍ਰਿਬਿਊਨਲ ਤੈਅ ਕਰੇਗਾ ਕਿ ਪਟੀਸ਼ਨਰ ਉਹੀ ਵਿਅਕਤੀ ਹੈ, ਜਿਸ ਬਾਰੇ ਕਾਰਵਾਈ ਹੋਈ ਹੈ ਜਾਂ ਨਹੀਂ। ਜੱਜਾਂ ਨੇ ਫੈਸਲਾ ਦਿੱਤਾ ਕਿ ਇਸ ਮੰਤਵ ਲਈ ਜ਼ੁਬਾਨੀ ਦਸਤਾਵੇਜ਼ਾਂ ਅਤੇ ਸਬੂਤਾਂ ਦੀ ਜਾਂਚ ਕੀਤੀ ਜਾ ਸਕਦੀ ਹੈ ਤੇ ਜੇ ਟ੍ਰਿਬਿਊਨਲ ਇਹ ਸਮਝਦਾ ਹੈ ਕਿ ਉਹ ਵਿਅਕਤੀ ਉਹੀ ਸੀ, ਜੋ ਪਹਿਲੀ ਕਾਰਵਾਈ ਵਿਚ ਸੀ ਤਾਂ ਕੇਸ ਨੂੰ ਮੈਰਿਟ ਉੱਤੇ ਲੈਣ ਦੀ ਕੋਈ ਲੋੜ ਨਹੀਂ।ਇਸ ਦੇ ਨਾਲ ਹੁਕਮਾਂ ਵਿਚ ਕਿਹਾ ਗਿਆ ਹੈ ਕਿ 'ਰੇਸਜੂਡੀਕਾਟਾ'ਦੇ ਲਾਗੂ ਹੋਣ ਦੀ ਪਟੀਸ਼ਨ ਉੱਤੇ ਪਹਿਲੀ ਰਾਏ ਦੇ ਆਧਾਰ ਉੱਤੇ ਕਿ ਵਿਅਕਤੀ ਵਿਦੇਸ਼ੀ ਨਹੀਂ, ਅਗਲੀ ਕਾਰਵਾਈ ਬਿਨਾਂ ਕਿਸੇ ਹੋਰ ਜਾਂਚ ਦੇ ਬੰਦ ਕਰ ਦਿੱਤੀ ਜਾਵੇਗੀ।

# ਪ੍ਰਸ਼ਾਂਤ ਕਿਸ਼ੋਰ ਵੱਲੋਂ ਫਿਰ ਨਵੀਂ ਪਾਰਟੀ ਬਣਾਉਣ ਦੇ ਸੰਕੇਤ

ਨਵੀਂ ਦਿੱਲੀ, 8 ਮਈ, (ਪੋਸਟ ਬਿਊਰੋ)-ਭਾਰਤ ਦੀਆਂ ਕਈ ਵੱਡੀਆਂ ਸਿਆਸੀ ਪਾਰਟੀਆਂ ਨੂੰ ਸੱਤਾ ਤੱਕ ਲਿਆਉਣ ਵਾਲੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਫਿਰ ਆਪਣੇ ਲਈ ਚੋਣ ਸ਼ਤਰੰਜ ਵਿਛਾਉਂਦੇ ਜਾਪਦੇ ਹਨ।ਬੀਤੇ ਦਿਨੀਂ ਉਨ੍ਹਾਂ ਨੇ ਕਾਂਗਰਸ ਨਾਲ ਸਾਂਝ ਦੀ ਗੱਲ ਨਾ ਬਣਨ ਕਰਕੇ ਖੁਦ ਸਿਆਸਤ ਵਿਚ ਆਉਣ ਦਾ ਮਨ ਬਣਾ ਲਿਆ ਸੀ ਅਤੇ ਇਸ ਦੇ ਬਾਅਦ ਬਿਹਾਰ ਵਿੱਚ ਆਪਣੀ 3 ਹਜ਼ਾਰ ਕਿਲੋਮੀਟਰ ਦੀ ਪੈਦਲ ਯਾਤਰਾ ਦਾ ਐਲਾਨ ਕੀਤਾ ਸੀ।

ਅੱਜ ਪ੍ਰਸ਼ਾਂਤ ਕਿਸ਼ੋਰ ਉਰਫ ਪੀ ਕੇ ਨੇ ਇੱਕ ਮੀਡੀਆ ਚੈਨਲ ਨਾਲ ਗੱਲਬਾਤ ਵਿੱਚ ਫਿਰ ਇਹ ਸੰਕੇਤ ਦਿੱਤਾ ਕਿ ਉਹ ਨਵੀਂ ਪਾਰਟੀ ਬਣਾ ਸਕਦੇ ਹਨ। ਕਾਂਗਰਸ ਵਿੱਚ ਸ਼ਾਮਲ ਨਾ ਹੋਣ ਬਾਰੇ ਪ੍ਰਸ਼ਾਂਤ ਉਨ੍ਹਾ ਕਿਹਾ ਕਿ ਕਾਂਗਰਸਸੰਗਠਨ ਬਣਾਉਣਾ ਚਾਹੁੰਦੀ ਹੈ, ਜਿਸ ਉੱਤੇ ਉਸ ਦੀ ਸਹਿਮਤੀ ਨਾ ਹੋਣ ਕਾਰਨ ਉਸ ਨੇ ਹਿੱਸਾ ਨਹੀਂ ਲਿਆ। ਕਾਂਗਰਸ ਜਨਰਲ ਸੈਕਟਰੀ ਦੇ ਅਹੁਦੇ ਬਾਰੇ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਕਿ ਉਹ ਕਾਂਗਰਸ ਦੇ ਇਸ ਵਰਕਿੰਗ ਗਰੁੱਪ ਦਾ ਸੰਵਿਧਾਨਕ ਦਰਜਾ ਚਾਹੁੰਦੇ ਹਨ, ਜਿਸ ਉੱਤੇ ਕਾਂਗਰਸ ਉਨ੍ਹਾਂ ਦੀ ਰਾਏ ਨਾਲ ਸਹਿਮਤ ਨਹੀਂ ਸੀ।

ਅਗਲੇ ਦਿਨਾਂ ਵਿੱਚ ਕਾਂਗਰਸ ਦਾ ਪੁਰਾਣਾ ਦੌਰ ਵਾਪਸ ਆਉਣ ਬਾਰੇ ਪ੍ਰਸ਼ਾਂਤ ਕਿਸ਼ੋਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਆਪਣੇ ਬਲੂ-ਪ੍ਰਿੰਟ ਦਿੱਤੇ ਸਨ, ਜੋ ਚੋਣ ਰਣਨੀਤੀ ਬਾਰੇ ਨਹੀਂ ਸੀ। ਉਨ੍ਹਾਂ ਨੇ ਕਿਹਾ ਕਿ ਅਗਲੇ ਸਾਲਾਂ ਵਿੱਚ ਕਾਂਗਰਸ ਨੂੰ ਮਜ਼ਬੂਤ ਕਰਨ ਦੀ ਚਰਚਾ ਦਾ ਲਾਭ ਅਗਲੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਕਈ ਦਹਾਕਿਆਂ ਤੱਕ ਕਾਂਗਰਸ ਪਾਰਟੀ ਖਤਮ ਹੋਣ ਵਾਲੀ ਨਹੀਂ।

ਕਾਂਗਰਸ ਵਿੱਚ'ਗਾਂਧੀ' ਪ੍ਰਧਾਨ ਨਾ ਹੋਣ ਦੇ ਸਵਾਲ ਉੱਤੇ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਕਿ ਪਾਰਟੀ ਦੇ ਪਿਛਲੇ ਸਾਲਾਂ ਦੇ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਕਾਂਗਰਸ ਦੇ ਬਹੁਤੇ ਪ੍ਰਧਾਨ ਗਾਂਧੀ ਪਰਿਵਾਰ ਤੋਂ ਨਹੀਂ ਸਨ ਅਤੇ ਕਾਂਗਰਸ ਇੱਕ ਪਰਿਵਾਰ ਦੀ ਪਾਰਟੀ ਨਹੀਂ, ਪਰ ਕਾਂਗਰਸ ਲੀਡਰਸ਼ਿਪ ਹੀ ਪਾਰਟੀ ਦਾ ਭਵਿੱਖ ਤੈਅ ਕਰੇਗੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਡੂੰਘਾ ਵਾਹ ਲੈ ਹਲ ਵੇ, ਤੇਰੀ ਘਰੇ ਨੌਕਰੀ

-ਡਾਕਟਰ ਧਰਮ ਸਿੰਘ-

ਕੁਦਰਤੀ ਦਾਤਾਂ ਜਿਵੇਂ ਹਵਾ, ਪਾਣੀ ਅਤੇ ਸੂਰਜ ਦੀ ਰੌਸ਼ਨੀ ਮੁਫਤ ਹਨ ਜਿਨ੍ਹਾਂ ਦਾ ਲਾਭ ਮਨੁੱਖ ਸਦੀਆਂ ਤੋਂ ਲੈ ਰਿਹਾ ਹੈ। ਜੋ ਬਾਕੀ ਵਸਤਾਂ ਮਨੁੱਖ ਨੇ ਪੈਸਾ ਖਰਚ ਕੇ ਤਿਆਰ ਕੀਤੀਆਂ ਹਨ, ਉਹ ਮੁੱਲ ਮਿਲਦੀਆਂ ਹਨ। ਪੰਜਾਬ ਵਿੱਚ ਬੀਤੇ ਕੁਝ ਸਮੇਂ ਤੋਂ ਵੋਟਾਂ ਬਟੋਰਨ ਖਾਤਰ, ਕੁਝ ਵਸਤਾਂ ਮੁਫਤ ਵੰਡੀਆਂ ਜਾ ਰਹੀਆਂ ਹਨ। ਇਨ੍ਹਾਂ ਮੁਫਤਖੋਰਾਂ ਦਾ ਪੰਜਾਬ ਦੇ ਖਜ਼ਾਨੇ ਉਪਰ ਕਿੰਨਾ ਮਾੜਾ ਪ੍ਰਭਾਵ ਪੈ ਚੁੱਕਾ ਜਾਂ ਪੈ ਰਿਹਾ ਹੈ, ਉਸ ਤੋਂ ਸਭ ਜਾਣੂ ਹਨ। ਅੱਜ ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ।ਪਿਛਲੇ ਕਰੀਬ ਵੀਹ ਸਾਲਾਂ ਤੋਂ ਕਿਸਾਨ ਨੂੰ ਉਸ ਦੇ ਟਿਊਬਵੈੱਲ ਲਈ ਬਿਜਲੀ ਮੁਫਤ ਮਿਲਦੀ ਹੈ। ਇਸ ਮੁਫਤ ਬਿਜਲੀ ਦੀ ਜੋ ਦੁਰਵਰਤੋਂ ਹੁੰਦੀ ਹੈ, ਉਹ ਇੱਕ ਵੱਖਰਾ ਵਿਸ਼ਾ ਹੈ, ਪਰ ਇਸ ਲਾਲਚ ਨੇ ਧਰਤੀ ਹੇਠਲੇ ਪਾਣੀ ਦਾ ਕਿੰਨਾ ਨੁਕਸਾਨ ਕੀਤਾ ਹੈ, ਇਹ ਅੰਦਾਜ਼ੇ ਤੋਂ ਪਰੇ ਹੈ। ਪੰਜਾਬ ਬੰਜਰ ਹੋਣ ਵੱਲ ਜਾ ਰਿਹਾ ਹੈ।

ਪੰਜਾਬ ਦੀ ਓਦੋਂ ਦੀ ਸਰਕਾਰ ਨੇ ਜਦ ਇਹ ਫੈਸਲਾ ਲਿਆ ਸੀ ਤਾਂ ਕਈ ਖੇਤੀਬਾੜੀ ਅਰਥ-ਸ਼ਾਸਤਰੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦੀ ਮੁੱਖ ਦਲੀਲ ਸੀ ਕਿ ਜਿਸ ਚੀਜ਼ ਦੀ ਪੈਦਾਵਾਰ ਉਪਰ ਖਰਚਾ ਹੋ ਰਿਹਾ ਹੈ, ਉਹ ਮੁਫਤ ਨਹੀਂ ਦੇਣੀ ਬਣਦੀ। ਇਹ ਵੀ ਤਜਵੀਜ਼ ਦਿੱਤੀ ਗਈ ਸੀ ਕਿ ਪੰਜਾਬ ਵਿੱਚ ਪੱਚਾਸੀ ਫੀਸਦੀ ਤੱਕ ਛੋਟੇ ਕਿਸਾਨ ਹਨ, ਇਸ ਲਈ ਪੰਜ ਏਕੜ ਜਾਂ ਹੱਦ ਦਸ ਏਕੜ ਦੇ ਮਾਲਕ ਕਿਸਾਨ ਨੂੰ ਇਹ ਸਹੂਲਤ ਦੇ ਦਿੱਤੀ ਜਾਵੇ। ਉਨ੍ਹਾਂ ਦੀ ਦਲੀਲ ਇਹ ਵੀ ਸੀ ਕਿ ਜੇ ਫਸਲ ਉਪਰ ਹੋ ਰਹੇ ਖਰਚੇ ਵਿੱਚ ਬਿਜਲੀ ਬਿੱਲ ਦੇ ਪੈਸੇ ਜੋੜੇ ਜਾਣ ਤਾਂ ਇਸ ਦਾ ਸਮਰਥਨ ਮੁੱਲ ਵੀ ਵਧ ਜਾਵੇਗਾ, ਜਿਸ ਦਾ ਲਾਭ ਕਿਸਾਨ ਨੂੰ ਹੋਵੇਗਾ। ਖੈਰ! ਅਰਥ ਸ਼ਾਸਤਰੀਆਂ ਦੀ ਅਪੀਲ, ਦਲੀਲ ਜਾਂ ਤਰਲ ਸਿਆਸਤ ਦੀ ਭੇਟ ਚੜ੍ਹ ਗਿਆ ਤੇ ਕਿਸਾਨੀ ਦੇ ਬਿਜਲੀ ਬਿੱਲ ਮਾਫ ਹੋ ਗਏ। ਅੱਜ ਹਜ਼ਾਰਾਂ ਕਰੋੜਾਂ ਰੁਪਏ ਸਰਕਾਰ ਨੂੰ ਬਿਜਲੀ ਵਿਭਾਗ ਨੂੰ ਸਬਸਿਡੀ ਵਜੋਂ ਦੇਣੇ ਪੈ ਰਹੇ ਹਨ। ਇੱਕ ਪਾਸੇ ਸੂਬਾ ਸਰਕਾਰ ਦਾ ਖਜ਼ਾਨਾ ਖਾਲੀ ਹੈ। ਓਧਰ ਮੁਫਤ ਬਿਜਲੀ ਅਤੇ ਛੋਟੇ ਘਰੇਲੂ ਖਪਤਕਾਰਾਂ ਦੇ ਬਕਾਇਆ ਬਿੱਲਾਂ ਦੀ ਰਾਸ਼ੀ ਵਿੱਤੀ ਸਰੋਤਾਂ ਨੂੰ ਹੋਰ ਸੀਮਿਤ ਕਰੇਗੀ। ਅਜਿਹੀ ਗੁੰਝਲਦਾਰ ਸਥਿਤੀ ਨਾਲ ਨਜਿੱਠਣਾ ਅਜੋਕੀ ਸਰਕਾਰ ਲਈ ਗੰਭੀਰ ਸਮੱਸਿਆ ਬਣੀ ਹੋਈ ਹੈ।

ਮੇਰੇ ਬਾਪ ਦੇ ਦਿਹਾਂਤ ਹੋਏ ਨੂੰ ਚਾਲੀ ਸਾਲ ਤੋਂ ਵੱਧ ਦਾ ਅਰਸਾ ਗੁਜ਼ਰ ਚੁੱਕਾ ਹੈ। ਉਦੋਂ ਤੋਂ ਮੈਂ ਸਿਰ-ਬ-ਸਿਰ ਆਪਣੀ ਛੋਟੀ ਕਿਸਾਨੀ ਦੀ ਦੇਖਭਾਲ ਕਰ ਰਿਹਾ ਹਾਂ। ਇਨ੍ਹਾਂ ਚਾਲੀ ਸਾਲਾਂ ਵਿੱਚ ਮੈਨੂੰ ਇੱਕ ਸਾਲ ਨੂੰ ਛੱਡ ਕੇ ਜਦ ਬਹੁਤ ਹਨੇਰ ਵਗਿਆ ਤੇ ਮੀਂਹ ਪਿਆ ਸੀ, ਬਾਕੀ ਕੋਈ ਵੀ ਸਾਲ ਅਜਿਹਾ ਯਾਦ ਨਹੀਂ, ਜਦ ਮਸਮ ਨਾ ਵਿਗੜਦਾ ਹੋਵੇ। ਕੁਦਰਤ ਦਾ ਆਪਣਾ ਕੈਲੰਡਰ ਹੈ।ਹਰ ਸਾਲ ਹਨੇਰੀਆਂ ਵਗਦੀਆਂ ਅਤੇ ਮੀਂਹ ਵੀ ਪੈਂਦਾ ਹੈ। ਕਿਸੇ ਕਿਸੇ ਸਾਲ ਤਾਂ ਕਣਕ ਦੀਆਂ ਭਰੀਆਂ ਨੂੰ ਕਈ-ਕਈ ਵਾਰ ਉਲੱਦਣਾ ਪੈਂਦਾ ਸੀ ਤਾਂ ਕਿ ਦਾਣੇ ਉਗ ਨਾ ਪੈਣ। ਕਈ ਵਾਰੀ ਦਾਣੇ ਕਾਲੇ ਵੀ ਪੈ ਜਾਂਦੇ ਸਨ, ਪਰ ਕਿਸਾਨ ਉਨ੍ਹਾਂ ਵਿੱਚੋਂ ਹੀ ਘਰ ਲਈ ਉਹੋ ਕਣਕ ਰੱਖ ਲੈਂਦਾ ਅਤੇ ਚੱਕੀ ਤੋਂ ਰੂਲਾ ਲਵਾ ਕੇ ਉਸ ਦਾ ਹੀ ਆਟਾ ਵਰਤ ਲੈਂਦਾ ਸੀ। ਵੱਧ ਖਰਾਬ ਦਾਣੇ ਪਸ਼ੂਆਂ ਦੀ ਲੇਟੀ ਜਾਂ ਗੁਤਾਵੇ ਲਈ ਆਟਾ ਬਣਾ ਕੇ ਕੰਮ ਆ ਜਾਂਦੇ। ਏਸੇ ਲਈ ਜੇਠ-ਹਾੜ੍ਹ ਵਿੱਚ ਸੋਨੇ ਦੀ ਕਣੀ ਵੀ ਨਹੀਂ ਮੰਗੀ ਗਈ।

ਕੁਦਰਤ ਦਾ ਨਿਯਮ ਹੈ ਕਿ ਸਖਤ ਗਰਮੀ ਤੋਂ ਬਾਅਦ ਮੀਂਹ ਪੈਣਾ ਹੀ ਪੈਣਾ ਹੈ। ਸੰਖੇਪ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਚਾਰ ਛਿੱਟੇ ਪੈ ਵੀ ਜਾਣ ਤਾਂ ਪਾਹਰਿਆ ਦੁਹਾਈ ਨਹੀਂ ਪਾਉਣੀ ਚਾਹੀਦੀ ਅਤੇ ਮੰਗਤਿਆਂ ਵਾਂਗੂ ਕਿਸੇ ਬੋਨਸ ਦੀ ਝਾਕ ਨਹੀਂ ਰੱਖਣੀ ਚਾਹੀਦੀ। ਵਿਓਂਤਬੰਦੀ ਤਾਂ ਸਾਡੇ ਆਪਣੇ ਹੱਥ ਵਿੱਚ ਹੈ। ਅੱਜ ਤੋਂ ਪੰਜਾਹ ਸਾਲ ਪਹਿਲਾਂ ਜਦ ਖੇਤੀ ਦਾ ਮਸ਼ੀਨੀਕਰਨ ਨਹੀਂ ਸੀ ਹੋਇਆ, ਉਦੋਂ ਸ਼ਾਇਦ ਨੁਕਸਾਨ ਵੱਧ ਹੁੰਦਾ ਹੋਵੇਗਾ, ਪਰ ਅਜਿਹੀ ਮਾਨਸਿਕਤਾ ਕਿਸੇ ਨੇ ਨਹੀਂ ਵੇਖੀ। ਪੰਜਾਬੀਆਂ ਦੀ ਮਿਹਨਤਕਸ਼ ਕੌਮ ਲਈ ਇਹ ਨਮੋਸ਼ੀ ਦਾ ਸਬੱਬ ਹੋਣਾ ਚਾਹੀਦਾ ਹੈ ਕਿ ਸਿਆਸੀ ਜਮਾਤਾਂ ਵੋਟਾਂ ਲਈ ਖੈਰਾਤਾਂ ਵੰਡਦੀਆਂ ਹਨ। ਇਸ ਸਾਲ ਮਾਰਚ ਮਹੀਨੇ ਵਿੱਚ ਸਾਧਾਰਨ ਤੋਂ ਰਤਾ ਵੱਧ ਗਰਮੀ ਪਈ ਹੈ। ਜਿਨ੍ਹਾਂ ਕਿਸਾਨਾਂ ਨੇ ਕਣਕ ਨੂੰ ਆਖਰੀ ਪਾਣੀ ਪਛੜ ਕੇ ਦਿੱਤਾ ਜਾਂ ਨਾ ਦਿੱਤਾ ਹੋਵੇਗਾ, ਉਨ੍ਹਾਂ ਦੀ ਕਣਕ ਦੇ ਦਾਣੇ ਬਰੀਕ ਰਹੇ ਜਾਂ ਸੁੰਗੜ ਗਏ। ਸਰਕਾਰੀ ਅੰਕੜਿਆਂ ਮੁਤਾਬਕ ਇਹ ਨੁਕਸਾਨ ਦਸ ਫੀਸਦੀ ਜਾਂ ਇਸ ਤੋਂ ਵੀ ਘੱਟ ਹੈ।

ਕਿਸੇ ਸਾਲ ਮੀਂਹ ਪੈਣ ਨਾਲ ਦਾਣਿਆਂ ਵਿੱਚ ਨਮੀ ਦੀ ਮਾਤਰਾ ਵਧ ਜਾਂਦੀ ਹੈ। ਕੰਬਾਈਨ ਨਾਲ ਵੱਢੀ ਕਣਕ ਵਿੱਚ ਵੀ ਨਮੀ ਰਹਿ ਜਾਂਦੀ ਹੈ, ਪਰ ਖਰੀਦ ਫਿਰ ਵੀ ਹੋਈ ਜਾਂਦੀ ਹੈ। ਅਜਿਹੀ ਹਾਲਤ ਵਿੱਚ ਸਰਕਾਰ ਵੀ ਮਾਪਦੰਡਾਂ ਵਿੱਚ ਢਿੱਲ ਦੇ ਕੇ ਕਣਕ ਖਰੀਦ ਲੈਂਦੀ ਹੈ। ਅੱਜ ਵੀ ਅਜਿਹਾ ਹੋ ਰਿਹਾ ਹੈ। ਕਹਿਣ ਦਾ ਭਾਵ ਹੈ ਕਿ ਸਰਕਾਰ ਆਪਣੇ ਵੱਲੋਂ ਕੋਸ਼ਿਸ਼ ਕਰਦੀ ਹੈ ਕਿ ਕਿਸਾਨ ਦਾ ਘਰ ਪੂਰਾ ਕੀਤਾ ਜਾਵੇ। ਸਿੱਲ ਜਾਂ ਦਾਣੇ ਸੁੰਗੜ ਜਾਣ ਦੀ ਦੁਹਾਈ ਦੇ ਕੇ ਹੋਰ ਸਾਲ ਬੋਨਸ ਮੰਗਣ ਦੀ ਰੱਟ ਲਾਈ ਜਾਣੀ ਕਿਸੇ ਵੀ ਤਰ੍ਹਾਂ ਕਿਸਾਨ ਨੂੰ ਸ਼ੋਭਦੀ ਨਹੀਂ। ਕਿਸਾਨ ਤਾਂ ਜਿਗਰੇ ਵਾਲਾ ਹੈ, ਥੋੜ੍ਹ ਦਿਲਾ ਨਹੀਂ। ਪੰਜਾਬੀ ਕਿਸਾਨ ਨੇ ਹੱਥੀਂ ਕਾਰ ਦਾ ਮਹਾਤਮ ਗੁਰੂ ਨਾਨਕ ਤੋਂ ਸਿੱਖਿਆ ਹੈ ਜਿਨ੍ਹਾਂ ਕਰਤਾਰਪੁਰ ਦੀ ਧਰਤੀ ਉੱਤੇ ਹੱਲ ਦੀ ਹੱਥੀ ਫੜ ਕੇ ਖੁਦ ਰਾਹਲਾ ਤੇ ਸਿਆੜ ਕੱਢੇ ਸਨ। ਲੋੜ ਹੈ ਕੁਦਰਤ ਦਾ ਕੈਲੰਡਰ ਸਮਝ ਕੇ ਵਿਉਂਤਬੰਦੀ ਦੀ। ਕੈਲੰਡਰ ਨੂੰ ਬਦਲਣਾ ਮਨੁੱਖ ਦੇ ਵੱਸ ਵਿੱਚ ਨਹੀਂ, ਉਸ ਦੇ ਨਾਲ ਚੱਲਣ ਵਿੱਚ ਹੀ ਭਲਾਈ ਹੈ।

ਖੇਤੀ ਘਾਟੇ ਵਾਲਾ ਸੌਦਾ ਨਹੀਂ। ਜੇ ਕਿਸੇ ਨੂੰ ਮੇਰੀ ਗੱਲ ਉੱਤੇ ਯਕੀਨ ਨਹੀਂ ਤਾਂ ਉਹ ਸੋਸ਼ਲ ਮੀਡੀਆ ਉਪਰ ਚੱਲ ਰਹੀਆਂ ਵੀਡੀਓਜ਼ ਦੇਖ ਸਕਦਾ ਹੈ। ਕਈ ਉਤਸ਼ਾਹੀ ਕਿਸਾਨ ਏਕੜ ਵਿੱਚੋਂ ਨਹੀਂ, ਕਨਾਲਾਂ ਵਿੱਚੋਂ ਲੱਖਾਂ ਰੁਪਏ ਕਮਾ ਰਹੇ ਹਨ। ਖੇਤੀ ਵਿਭਿੰਨਤਾ ਅਪਣਾ ਕੇ ਉਹ ਆਪਣੀ ਕਮਾਈ ਵਧਾ ਸਕਦੇ ਹਨ।ਖਾਣ ਵਾਲੇ ਤੇਲ, ਖਾਸ ਕਰ ਕੇ ਸਰ੍ਹੋਂ ਦਾ ਤੇਲ ਬਹੁਤ ਮਹਿੰਗਾ ਵਿਕਦਾ ਹੈ। ਮੇਰਾ ਅਨੁਮਾਨ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਸਰ੍ਹੋਂ-ਤੋਰੀਆ ਬੀਜਿਆ ਸੀ, ਉਹ ਕਣਕ ਬੀਜਣ ਵਾਲੇ ਕਿਸਾਨਾਂ ਨਾਲੋਂ ਵਧੇਰੇ ਫਾਇਦੇ ਵਿੱਚ ਰਹੇ ਹੋਣਗੇ। ਅੱਜ ਤੋਂ ਕੁਝ ਸਾਲ ਪਹਿਲਾਂ ਤੋਰੀਆ ਅਤੇ ਗੋਭੀ ਸਰ੍ਹੋਂ ਰਲਾਅ ਕੇ ਬੀਜਣ ਦਾ ਰਿਵਾਜ ਸੀ।ਪਹਿਲਾਂ ਤੋਰੀਆ ਵੱਢ ਲਿਆ ਜਾਂਦਾ ਸੀ, ਫਿਰ ਗੋਭੀ ਸਰ੍ਹੋਂ। ਇੱਕੋ ਖੇਤ ਵਿੱਚੋਂ ਇੱਕ ਹੀ ਮੌਸਮ ਵਿੱਚ ਦੋ ਫਸਲਾਂ ਦਾ ਲਾਭ ਲਿਆ ਜਾਂਦਾ ਸੀ। ਅੱਜ ਸਰ੍ਹੋਂ ਸਮਰਥਨ ਮੁੱਲ ਤੋਂ ਵੱਧ ਮੁੱਲ ਉਪਰ ਵਿਕਦੀ ਹੈ। ਖਰਚ ਕਣਕ ਨਾਲੋਂ ਥੋੜ੍ਹਾ ਹੁੰਦਾ ਹੈ। ਪੰਜਾਬੀ ਕਿਸਾਨ ਘਰ ਵਿੱਚੋਂ ਕੱਢ ਕੇ ਕੇਵਲ ਕਣਕ, ਝੋਨਾ, ਮੱਕੀ ਅਤੇ ਬਰਸੀਮ ਆਦਿ ਫਸਲਾਂ ਦਾ ਬੀਜ ਵਰਤਦਾ ਹੈ ਅਤੇ ਉਹ ਵੀ ਉਸ ਨੂੰ ਚੌਥੇ-ਪੰਜਵੇਂ ਸਾਲ ਨਵੇਂ ਬੀਜ ਨਾਲ ਬਦਲਣਾ ਪੈਂਦਾ ਹੈ। ਬਾਕੀ ਸਭ ਫਸਲਾਂ ਦਾ ਬੀਜ ਉਹ ਖੁੱਲ੍ਹੀ ਮੰਡੀ ਤੋਂ ਲੈ ਕੇ ਪਾਉਂਦਾ ਹੈ। ਪੰਜਾਬੀ ਕਿਸਾਨ ਬੀਜ ਉਤਪਾਦਨ ਵੱਲ ਵੀ ਧਿਆਨ ਦੇ ਸਕਦਾ ਹੈ।

ਚੱਲ ਰਹੇ ਸਾਉਣੀ ਦੇ ਚਾਰਿਆਂ ਵਿੱਚੋਂ ਚਰੀ, ਮੋਠ, ਬਾਜਰਾ ਤੇ ਸਵਾਂਕ ਆਦਿ ਹਨ, ਜਿਨ੍ਹਾਂ ਦੇ ਬੀਜ ਕਿਸਾਨ ਕੋਲ ਨਹੀਂ ਹਨ। ਸਬਜ਼ੀਆਂ ਦੇ ਬੀਜ ਜਾਂ ਪਨੀਰੀ ਤਿਆਰ ਕਰ ਕੇ ਵੇਚਣਾ ਵੀ ਲਾਹੇਵੰਦਾ ਹੈ। ਕਈ ਉਤਸ਼ਾਹੀ ਕਿਸਾਨ ਝੋਨੇ, ਬਾਸਮਤੀ ਦੀ ਪਨੀਰੀ ਵਪਾਰਕ ਪੱਧਰ ਉਪਰ ਬੀਜ ਕੇ ਮਹੀਨੇ-ਡੇਢ ਮਹੀਨੇ ਵਿੱਚ ਵੀ ਵਾਧੂ ਮੁਨਾਫਾ ਕਮਾ ਲੈਂਦੇ ਹਨ। ਵਪਾਰਕ ਪੱਧਰ ਉਪਰ ਸਬਜ਼ੀਆਂ ਦੀ ਕਾਸ਼ਤ ਕਰਨ ਵਾਲੇ ਕਿਸਾਨ ਇਨ੍ਹਾਂ ਦੇ ਬੀਜ ਆਪ ਤਿਆਰ ਕਰ ਸਕਦੇ ਹਨ। ਫੁੱਲਾਂ ਦੇ ਬੀਜ ਪੁੜੀਆਂ ਵਿੱਚ ਵਿਕਦੇ ਹਨ। ਉਤਸ਼ਾਹੀ ਕਿਸਾਨ ਬੀਜ ਉਤਪਾਦਨ ਸੰਬੰਧੀ ਨਾਮਧਾਰੀ ਸੀਡਜ਼ ਦੇ ਅਨੁਭਵ ਅਤੇ ਤਜਰਬੇ ਦਾ ਫਾਇਦਾ ਚੁੱਕ ਸਕਦੇ ਹਨ। ਸਹਾਇਕ ਧੰਦਿਆਂ ਵੱਲ ਵਧੇਰੇ ਧਿਆਨ ਦਿੱਤਾ ਜਾ ਸਕਦਾ ਹੈ। ਪਸ਼ੂ ਪਾਲਣ, ਮੁਰਗਾ ਪਾਲਣ, ਸੂਰ ਪਾਲਣ, ਸਟੱਡ ਫਾਰਮ ਤੇ ਬੱਕਰੀ ਪਾਲਣ ਆਦਿ ਅਜਿਹੇ ਧੰਦੇ ਹਨ। ਬੱਕਰੀ ਪਾਲਣ ਦਾ ਧੰਦਾ ਅੱਜ ਕੱਲ੍ਹ ਵਧੇਰੇ ਵਧ ਰਿਹਾ ਹੈ। ਮੀਟ ਤੋਂ ਬਿਨਾਂ ਕੋਰੋਨਾ ਕਾਲ ਵੇਲੇ ਜਿਨ੍ਹਾਂ ਲੋਕਾਂ ਦੇ ਸੈਲ ਘੱਟ ਗਏ ਸਨ, ਉਨ੍ਹਾਂ ਨੇ ਚਾਰ ਸੌ ਤੋਂ ਲੈ ਕੇ ਛੇ ਸੌ ਰੁਪਏ ਪ੍ਰਤੀ ਲੀਟਰ ਬੱਕਰੀ ਦਾ ਦੁੱਧ ਲੈ ਕੇ ਪੀਤਾ ਸੀ।ਵਧੇਰੇ ਕਿਸਾਨਾਂ ਕੋਲ ਟਰੈਕਟਰ-ਟਰਾਲੀਆਂ ਹਨ, ਇਸ ਲਈ ਉਹ ਉਨ੍ਹਾਂ ਨੂੰ ਕਿਰਾਏ ਉੱਤੇ ਦੇ ਕੇ ਜਾਂ ਆਪ ਚਲਾ ਕੇ ਵਾਧੂ ਮੁਨਾਫਾ ਕਮਾ ਸਕਦੇ ਹਨ। ਰੇਤ, ਬਜਰੀ, ਸੀਮੈਂਟ, ਸਰੀਆ, ਰੋੜੀ ਅਤੇ ਇੱਟਾਂ ਦੀ ਢੋਆ-ਢੁਆਈ ਵਧੇਰੇ ਕਰ ਕੇ ਟਰੈਕਟਰ ਟਰਾਲੀਆਂ ਰਾਹੀਂ ਹੋ ਰਹੀ ਹੈ। ਇੰਝ ਖੇਤੀ ਵਿਉਂਤਬੰਦੀ, ਜਾਨ ਰੂਲ ਕੇ ਕੰਮ ਕਰਨਾ, ਖਰਚੇ ਵਿੱਚ ਸੰਜਮ, ਭੇਡ ਚਾਲ ਤੋਂ ਬਚਣਾ ਅਜਿਹੇ ਮੰਤਰ ਹਨ ਜਿਨ੍ਹਾਂ ਉਪਰ ਅਮਲ ਕਰ ਕੇ ਕਿਸਾਨ ਸਰਕਾਰ ਤੋਂ ਮੰਗਣ ਦੀ ਮਾਨਸਿਕਤਾ ਤੋਂ ਬਚ ਸਕਦਾ ਹੈ। ਲੋਕ-ਸਿਆਣਪ ਵੀ ਹੈ: ਡੂੰਘਾ ਵਾਹ ਲੈ ਹੱਲ ਵੇ, ਤੇਰੀ ਘਰੇ ਨੌਕਰੀ।


ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ


ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਪੰਜਾਬ ਦੀ ਨਵੀਂ ਸਰਕਾਰ: ਪਿੰਡ ਹਾਲੇ ਬੱਝਾ ਨਹੀਂ ਤੇ ਉਚੱਕੇ ਪਹਿਲਾਂ ਹੀ ਸਰਗਰਮ



ਜਤਿੰਦਰ ਪੰਨੂ

ਪੰਜਾਬ ਦੀ ਨਵੀਂ ਬਣੀ ਸਰਕਾਰ ਆਪਣੇ ਦੋ ਮਹੀਨੇ ਵੀ ਪੂਰੇ ਕਰਨ ਤੋਂ ਪਹਿਲਾਂ ਬਹੁਤ ਸਾਰੇ ਸੰਕਟਾਂ ਨਾਲ ਸਿੱਝਣ ਵਾਲੀ ਸਥਿਤੀ ਵਿੱਚ ਫਸੀ ਨਜ਼ਰ ਆਉਂਦੀ ਹੈ। ਰਾਜ ਦੀ ਵਿਰੋਧੀ ਧਿਰ ਦੀਆਂ ਪ੍ਰਮੁੱਖ ਤਿੰਨੇ ਪਾਰਟੀਆਂ ਦੇ ਵਫਦ ਪੰਜਾਬ ਦੇ ਗਵਰਨਰ ਕੋਲ ਇਸ ਸਰਕਾਰ ਦੇ ਖਿਲਾਫ ਮੈਮੋਰੈਂਡਮ ਦੇ ਆਏ ਹਨ ਤੇ ਜਨਤਕ ਤੌਰ ਉੱਤੇ ਇਹ ਮੰਗ ਚੁੱਕਣ ਲੱਗੇ ਹਨ ਕਿ ਇਹ ਸਰਕਾਰ ਅਸਤੀਫਾ ਦੇ ਦੇਵੇ। ਸਾਡੇ ਚੇਤੇ ਵਿੱਚ ਏਦਾਂ ਦੀ ਕੋਈ ਸਰਕਾਰ ਨਹੀਂ, ਜਿਹੜੀ ਬਣੀ ਨੂੰ ਹਾਲੇ ਦੋ ਮਹੀਨੇ ਨਾ ਹੋਏ ਹੋਣ ਅਤੇ ਉਸ ਦੇ ਖਿਲਾਫ ਮੰਗ-ਪੱਤਰ ਦੇਣ ਤੇ ਅਸਤੀਫਾ ਮੰਗਣ ਦੀ ਖੇਡ ਚੱਲ ਪਈ ਹੋਵੇ ਅਤੇ ਇਸ ਕੰਮ ਵਿੱਚ ਆਪਸੀ ਮੱਤਭੇਦ ਲਾਂਭੇ ਰੱਖ ਕੇ ਸਭ ਵਿਰੋਧੀ ਧਿਰਾਂ ਇਕੱਠੀਆਂ ਹੋ ਗਈਆਂ ਹੋਣ। ਕੁਝ ਸੱਜਣ ਇਹ ਕਹਿ ਰਹੇ ਹਨ ਕਿ ਇਸ ਖੇਡ ਦੀਆਂ ਤਾਰਾਂ ਪੰਜਾਬ ਵਿੱਚੋਂ ਨਹੀਂ, ਬਾਹਰ ਤੋਂ ਹਿਲਾਈਆਂ ਜਾ ਰਹੀਆਂ ਹਨ ਅਤੇ ਪੰਜਾਬ ਵਿਚਲੇ ਇਹ ਆਗੂ ਅਗਲੀਆਂ ਚੋਣਾਂ ਵਿੱਚ ਆਪੋ ਵਿੱਚ ਹੱਥ ਮਿਲਾਉਣ ਲਈ ਤਿਆਰੀਆਂ ਕਰਦੇ ਵੀ ਸੁਣਦੇ ਹਨ। ਕਾਂਗਰਸ ਵਾਲੇ ਕਦੀ ਵੀ ਅਕਾਲੀ ਦਲ ਨਾਲ ਸਿੱਧੀ ਸਾਂਝ ਨਹੀਂ ਪਾ ਸਕਦੇ, ਪਰ ਜ਼ਰਾ ਓਹਲੇ ਨਾਲ ਜਿਸ ਤਰ੍ਹਾਂਉਹ ਅੱਗੇ ਇੱਕ-ਦੂਸਰੀ ਧਿਰ ਨਾਲ ਮਿਲ ਕੇ ਆਪਣਾ ਬੰਦਾ ਹਰਾਉਣ ਤੇ ਦੂਸਰਿਆਂ ਦਾ ਜਿਤਾਉਣ ਦੀ ਖੇਡ ਖੇਡਦੇ ਹਨ, ਅਗਲੀ ਵਾਰੀ ਏਦਾਂ ਕਰਨ ਲਈ ਅਗੇਤੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਸੁਣੀਂਦੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਸੰਗਰੂਰ ਵਾਲੀ ਲੋਕ ਸਭਾ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਉਸ ਦੀ ਉੱਪ ਚੋਣ ਵੇਲੇ ਇਹ ਪਾਰਟੀਆਂ ਆਪਸ ਵਿੱਚ ਹੱਥ ਮਿਲਾਉਣ ਤੇ ਨਵੀਂ ਸਰਕਾਰ ਨੂੰ ਠਿੱਬੀ ਲਾਉਣ ਦਾ ਮਨ ਬਣਾਈ ਬੈਠੀਆਂ ਹੋਣ ਦੀ ਚਰਚਾ ਵੀ ਮੀਡੀਏ ਵਿੱਚ ਹੈ। ਇਹ ਖੇਡ ਕਿਸੇ ਕੰਮ ਆਵੇਗੀ ਕਿ ਨਹੀਂ, ਇਸ ਬਾਰੇ ਕੋਈ ਨਹੀਂ ਦੱਸ ਸਕਦਾ।

ਸਥਿਤੀ ਦਾ ਦੂਸਰਾ ਪਾਸਾ ਇਹ ਹੈ ਕਿ ਪੰਜਾਬ ਇੱਕ ਖਾਸ ਕਿਸਮ ਦੇ ਮਾਫੀਆ ਜਾਲ ਦੀ ਜਕੜ ਵਿੱਚ ਹੈ ਤੇ ਇਸ ਜਕੜ ਨੂੰ ਤੋੜਨਾ ਨਵੀਂ ਸਰਕਾਰ ਲਈ ਸੌਖਾ ਕੰਮ ਨਹੀਂ। ਨਵੀਂ ਸਰਕਾਰ ਮਾਫੀਆ ਜਕੜ ਨੂੰ ਤੋੜਨਾ ਚਾਹੇ ਤਾਂ ਉਹ ਲੋਕ ਪੰਜਾਬ ਦਾ ਕੰਮ-ਕਾਰ ਠੱਪ ਕਰ ਸਕਣ ਦੀ ਤਾਕਤ ਰੱਖਦੇ ਹਨ। ਮਿਸਾਲ ਵਜੋਂ ਰੇਤ ਦੀਆਂ ਖੱਡਾਂ ਵਿੱਚ ਹੁੰਦੀ ਨਾਜਾਇਜ਼ ਮਾਈਨਿੰਗ ਰੋਕਣੀ ਹੋਵੇ ਤਾਂ ਉਨ੍ਹਾਂ ਨੂੰ ਖੂੰਜੇ ਧੱਕ ਕੇ ਸਿੱਧੀ ਮਾਈਨਿੰਗ ਨਾਲ ਲੋਕਾਂ ਨੂੰ ਰੇਤ ਦੇਣੀ ਹੋਵੇਗੀ। ਕਹਿਣਾ ਸੌਖਾ ਹੋ ਸਕਦਾ ਹੈ, ਅਮਲ ਵਿੱਚ ਇਹ ਕੰਮ ਏਨਾ ਸੌਖਾ ਨਹੀਂ। ਮਾਫੀਆ ਲਈ ਕੰਮ ਕਰਦੀ ਧਾੜ ਨੂੰ ਉਨ੍ਹਾਂ ਵੱਲੋਂ ਸਿਰਫ ਇੱਕ ਇਸ਼ਾਰਾ ਮਿਲਣ ਦੀ ਦੇਰ ਹੈ, ਇਹ ਸਾਰੇ ਕੰਮ ਬੰਦ ਕਰ ਕੇ ਬੈਠ ਜਾਣਗੇ ਤੇ ਪੰਜਾਬ ਵਿੱਚ ਨਾ ਰੇਤ ਮਿਲੇਗੀ, ਨਾ ਬੱਜਰੀ ਤੇ ਨਾ ਉਸਾਰੀ ਦੇ ਕੰਮਾਂ ਲਈ ਲੋੜੀਂਦਾ ਹੋਰ ਸਮਾਨ ਮਿਲੇਗਾ। ਸ਼ਰਾਬ ਮਾਫੀਆ ਹਰ ਸਰਕਾਰ ਨੂੰ ਬਲੈਕਮੇਲ ਕਰਦਾਤੇ ਆਪਣੀ ਮਰਜ਼ੀ ਨਾਲ ਠੇਕੇ ਚਲਾਉਂਦਾ ਰਿਹਾ ਹੈ, ਉਸ ਦੀ ਮਰਜ਼ੀ ਦੇ ਬਗੈਰ ਕੰਮ ਕਰਨਾ ਸ਼ੁਰੂ ਕੀਤਾ ਤਾਂ ਅਗਲੇ ਦਿਨਾਂ ਵਿੱਚ ਸਭ ਠੇਕੇ ਬੰਦ ਕਰ ਦੇਣਗੇ ਅਤੇ ਸਰਕਾਰ ਕੋਲ ਬਦਲ ਨਹੀਂ ਹੋਵੇਗਾ। ਜਿਨ੍ਹਾਂ ਫੈਕਟਰੀਆਂ ਵਿੱਚ ਸ਼ਰਾਬ ਬਣਾ ਕੇ ਸਪਲਾਈ ਹੁੰਦੀ ਹੈ, ਉਨ੍ਹਾਂ ਨਾਲ ਮਾਫੀਆ ਦੀਆਂ ਸਾਂਝਾਂ ਤਾਂ ਹੋ ਸਕਦੀਆਂ ਹਨ, ਨਵੀਂ ਸਰਕਾਰ ਦੀਆਂ ਨਹੀਂ।

ਮੈਂ ਬਹੁਤ ਸਾਰੇ ਏਦਾਂ ਦੇ ਖੇਤਰ ਗਿਣਾ ਸਕਦਾ ਹਾਂ, ਜਿਨ੍ਹਾਂ ਵਿੱਚ ਮਾਫੀਆ ਆਪਣੀ ਮਰਜ਼ੀ ਮੁਤਾਬਕ ਸਾਰਾ ਕੁਝ ਚੱਲਦਾ ਰੱਖਣ ਦੀ ਆਦੀ ਹੈ ਅਤੇ ਨਵੀਂ ਸਰਕਾਰ ਬਣਦੇ ਸਾਰ ਉਸ ਦੇ ਸਰਗੁਣੇ ਮੀਟਿੰਗਾਂ ਲਾਉਂਦੇ ਤੇ ਸਰਕਾਰ ਦੇ ਨਾਸੀਂ ਧੂੰਆਂ ਦੇਣ ਲਈ ਗੋਂਦਾਂ ਗੁੰਦਦੇ ਸੁਣੇ ਜਾਂਦੇ ਹਨ। ਅੱਜਕੱਲ੍ਹ ਪੰਚਾਇਤੀ ਜ਼ਮੀਨਾਂ ਦੇ ਕਬਜ਼ੇ ਛੁਡਾਉਣ ਵਾਲੀ ਮੁਹਿੰਮ ਨਵੀਂ ਸਰਕਾਰ ਦੇ ਪੰਚਾਇਤ ਮੰਤਰੀ ਨੇ ਸ਼ੁਰੂ ਕੀਤੀ ਅਤੇ ਕਈ ਥਾਂਈਂ ਏਦਾਂ ਕਬਜ਼ੇ ਛੁਡਾਏ ਹਨ। ਸਾਡੀ ਸਮਝ ਸੀ ਕਿ ਪੰਜਾਬ ਵਿੱਚ ਪੰਜਾਹ ਹਜ਼ਾਰ ਏਕੜ ਜ਼ਮੀਨਾਂ ਉੱਤੇ ਨਾਜਾਇਜ਼ ਕਬਜ਼ੇ ਹੋ ਸਕਦੇ ਹਨ, ਪਰ ਪੰਚਾਇਤ ਵਿਭਾਗ ਦੇ ਇੱਕ ਸੀਨੀਅਰ ਅਫਸਰ ਨੇ ਇਹ ਹੈਰਾਨੀ ਵਾਲੀ ਗੱਲ ਕਹਿ ਦਿੱਤੀ ਕਿ ਪੰਜਾਬ ਵਿੱਚ ਛੇ ਲੱਖ ਏਕੜ ਜ਼ਮੀਨ ਵੀ ਨਾਜਾਇਜ਼ ਕਬਜ਼ੇ ਹੇਠ ਹੋ ਸਕਦੀ ਹੈ। ਇਹ ਕਬਜ਼ੇ ਸਿਆਸੀ ਲੋਕਾਂ ਨੇ ਕੀਤੇ ਹਨ, ਸੀਨੀਅਰ ਸਿਵਲ ਜਾਂ ਪੁਲਸ ਅਫਸਰਾਂ ਨੇ ਵੀ ਅਤੇ ਉਨ੍ਹਾਂ ਦੀ ਸ਼ਹਿ ਨਾਲ ਸੰਬੰਧਤ ਪਿੰਡਾਂ ਵਿੱਚ ਬਦਮਾਸ਼ਾਂ ਨੇ ਵੀ ਇਹੋ ਕੁਝ ਕੀਤਾ ਪਿਆ ਹੈ। ਇਸ ਹਫਤੇ ਸਾਨੂੰ ਇਹ ਖਬਰ ਪੜ੍ਹਨ ਨੂੰ ਮਿਲੀ ਕਿ ਜਲੰਧਰ ਜ਼ਿਲੇ ਦੇ ਇੱਕ ਛੋਟੇ ਜਿਹੇ ਪਿੰਡ ਦੀ ਬਾਈ ਏਕੜ ਪੰਚਾਇਤੀ ਜ਼ਮੀਨ ਉੱਤੇ ਇੱਕ ਸੀਨੀਅਰ ਆਈ ਏ ਐੱਸ ਅਫਸਰ ਨੇ ਸਾਲ 1987 ਵਿੱਚ ਨਾਜਾਇਜ਼ ਕਬਜ਼ਾ ਕੀਤਾ ਸੀ, ਪੈਂਤੀ ਸਾਲ ਲੰਘ ਗਏ ਤੇ ਕਿਸੇ ਸਰਕਾਰ ਦੇ ਵਕਤ ਵੀ ਇਹ ਕਬਜ਼ਾ ਨਹੀਂ ਛੁਡਾਇਆ ਗਿਆ। ਉਹ ਅਫਸਰ ਰਿਟਾਇਰ ਹੋਣ ਦੇ ਬਾਅਦ ਸੰਸਾਰ ਤੋਂ ਚਲਾ ਗਿਆ ਤਾਂ ਉਸ ਦੇ ਪਰਵਾਰ ਨੇ ਬਾਅਦ ਵਿੱਚ ਵੀ ਕਬਜ਼ਾ ਕਰੀ ਰੱਖਿਆ ਸੀ। ਨਵੀਂ ਸਰਕਾਰ ਨੇ ਆ ਕੇ ਛੁਡਾ ਲਿਆ ਹੈ। ਮਾਝੇ ਵਿਚਲੇ ਇੱਕ ਪਿੰਡ ਬਾਰੇ ਪਤਾ ਲੱਗਾ ਹੈ ਕਿ ਓਥੇ ਕਈ ਸੌ ਏਕੜ ਜ਼ਮੀਨ ਉੱਤੇ ਜਿਸ ਜ਼ੋਰਾਵਰ ਦਾਨਾਜਾਇਜ਼ ਕਬਜ਼ਾ ਹੈ, ਉਸ ਹਲਕੇ ਦਾ ਵਿਧਾਇਕ ਅਕਾਲੀ ਹੋਵੇ ਜਾਂ ਕਾਂਗਰਸੀ, ਜਿੱਤਣ ਪਿੱਛੋਂ ਸਾਰੇ ਵਿਧਾਇਕ ਉਸ ਪਿੰਡ ਵਿੱਚ ਓਸੇ ਦੇ ਘਰ ਆਉਂਦੇ ਸਨ ਅਤੇ ਸਰਕਾਰੀ ਸਮਾਗਮਾਂ ਵਿੱਚ ਉਸ ਨੂੰ ਟਰਾਫੀਆਂ ਅਤੇਮਿਮੈਂਟੋ ਮਿਲਦੇ ਹਨ। ਜਦੋਂ ਰਾਜਨੀਤੀ ਦਾ ਚੱਕਾ ਕਿਸੇ ਪਾਸਿਉਂ ਵੀ ਘੁੰਮੇ, ਉਸ ਦਾ ਘਰ ਰਾਜਨੀਤੀ ਦਾ ਧੁਰਾ ਬਣਿਆ ਰਹਿੰਦਾ ਹੈ ਤਾਂ ਕਬਜ਼ਾ ਕੌਣ ਤੁੜਾਏਗਾ? ਨਵੀਂ ਸਰਕਾਰ ਨੇ ਕਹਿ ਦਿੱਤਾ ਹੈ ਕਿ ਏਦਾਂ ਦੇ ਕਬਜ਼ੇ ਤੁੜਾਉਣੇ ਹਨ ਤਾਂ ਅਫਸਰਸ਼ਾਹੀ ਦਾ ਇੱਕ ਹਿੱਸਾ ਡਿਊਟੀ ਵਜੋਂ ਇਸ ਸਰਕਾਰ ਦੇ ਨਾਲ ਤੁਰਿਆ ਜਾਂਦਾ ਦਿੱਸਦਾ ਹੈ, ਪਰ ਅੰਦਰੋਂ ਪੁਰਾਣੀਆਂ ਸਾਂਝ ਦੀਆਂ ਤੰਦਾਂ ਹੋਣ ਕਾਰਨ ਉਹ ਹਰ ਅਗਲੇ ਕਦਮ ਦੀਅਗੇਤੀ ਸੂਹ ਪੁਰਾਣੇ ਮਿੱਤਰਾਂ ਨੂੰ ਦੇ ਸਕਦੇ ਹਨ। ਨਵੀਂ ਸਰਕਾਰ ਕੁਝ ਕੰਮ ਕਰੇਗੀ ਜਾਂ ਅਫਸਰਾਂ ਦੇ ਫੋਨ ਟੈਪਿੰਗ ਕਰਨ ਦੇ ਲਈ ਵਕਤ ਜ਼ਾਇਆ ਕਰਦੀ ਰਹੇਗੀ, ਇਹ ਵੀ ਬਹੁਤ ਵੱਡਾ ਸਵਾਲ ਹੈ, ਜਿਸ ਦਾ ਜਵਾਬ ਨਹੀਂ ਮਿਲਦਾ।

ਸਰਕਾਰੀ ਸਕੀਮਾਂ ਨੂੰ ਵਰਤਣ ਵਾਲਾ ਮਾਫੀਆ ਅੱਜ ਵੀ ਸੈਕਟਰੀਏਟ ਵਿੱਚ ਫਿਰਦਾ ਹੈ ਤੇ ਉਹ ਕਿਸ ਤਰ੍ਹਾਂ ਕੰਮ ਕਰਦਾ ਹੈ, ਇਸ ਦੀ ਇੱਕ ਵੰਨਗੀ ਅਸੀਂ ਦੱਸ ਸਕਦੇ ਹਾਂ। ਕਈ ਸਾਲ ਪਹਿਲਾਂ ਇੱਕ ਛੋਟੇ ਸ਼ਹਿਰ ਦੇ ਬਾਹਰਵਾਰ ਸਸਤੀ ਜਿਹੀ ਜ਼ਮੀਨ ਲਈ ਅਚਾਨਕ ਗ੍ਰਾਹਕ ਆਏ ਅਤੇ ਮੁੱਲ ਪੁੱਛ ਕੇ ਜਿੰਨਾ ਕਿਸਾਨਾਂ ਨੇ ਦੱਸਿਆ, ਉਸ ਤੋਂ ਦਸ ਹਜ਼ਾਰ ਰੁਪਏ ਕਿੱਲੇ ਦੇ ਵੱਧ ਨਾਲ ਕਰੀਬ ਡੇਢ ਕਰੋੜ ਰੁਪਏ ਦੀ ਜ਼ਮੀਨ ਖਰੀਦ ਕੇਨਕਦ ਪੈਸੇ ਦੇ ਕੇ ਰਜਿਸਟਰੀ ਕਰਵਾ ਲਈ। ਆਮ ਤੌਰ ਉੱਤੇ ਏਦਾਂ ਖਰੀਦੀ ਜ਼ਮੀਨ ਦੀ ਸਰਕਾਰੀ ਰਿਕਾਰਡ ਵਿੱਚ ਇੰਟਰੀ, ਜਿਸ ਨੂੰ ਇੰਤਕਾਲ ਕਿਹਾ ਜਾਂਦਾ ਹੈ, ਹੋਣ ਵਿੱਚ ਪੰਜ-ਸੱਤ ਮਹੀਨੇ ਲੱਗ ਸਕਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਉਸ ਜ਼ਮੀਨ ਦਾ ਇੰਤਕਾਲ ਦੋ ਦਿਨਾਂ ਵਿੱਚ ਕਰ ਦਿੱਤਾ ਗਿਆ ਅਤੇ ਘੇਰੇ-ਘੇਰੇ ਕੰਡੇਦਾਰ ਤਾਰ ਦੀ ਵਾੜ ਕਰ ਦਿੱਤੀ ਗਈ। ਅਗਲੇ ਹਫਤੇ ਅਖਬਾਰਾਂ ਵਿੱਚ ਇਸ਼ਤਿਹਾਰ ਛਪਿਆ ਕਿ ਉਸ ਜ਼ਮੀਨ ਉੱਤੇ ਫਲਾਣਾ ਸਰਕਾਰੀ ਪ੍ਰਾਜੈਕਟ ਲੱਗਣਾ ਹੈ, ਨਾ ਪੰਜ-ਦਸ ਫੁੱਟ ਵੱਧ ਅਤੇ ਨਾ ਘੱਟ, ਖਰੀਦੀ ਗਈ ਸਾਰੀ ਜ਼ਮੀਨ ਉਸ ਨਕਸ਼ੇ ਵਿੱਚ ਆ ਗਈ ਅਤੇ ਸਰਕਾਰੀ ਰੇਟ ਮੁਤਾਬਕ ਸਾਢੇ ਸੱਤ ਕਰੋੜ ਰੁਪਏ ਉਸ ਟੋਲੀ ਦੀ ਜੇਬ ਵਿੱਚ ਪੈ ਗਏ, ਜਿਨ੍ਹਾਂ ਨੇ ਮਸਾਂ ਡੇਢ ਕਰੋੜ ਦੀਜ਼ਮੀਨ ਖਰੀਦੀ ਸੀ। ਇਸ ਘਪਲੇ ਦੀ ਸ਼ਿਕਾਇਤ ਹੋਈ ਤਾਂ ਜਾਂਚ ਅਫਸਰ ਵੀ ਉਨ੍ਹਾਂ ਦੇ ਆਪਣੇ ਹੋਣ ਕਰ ਕੇ ਰਿਪੋਰਟ ਵਿੱਚ ਇਹ ਲਿਖ ਦਿੱਤਾ ਕਿ ਇਹ ਸਿਰਫ ਕੋ-ਇਨਸੀਡੈਂਸ (ਮੌਕਾ-ਮੇਲ) ਸੀ, ਉਂਜ ਇਸ ਵਿੱਚ ਕੋਈ ਸਾਜ਼ਿਸ਼ ਵਰਗੀ ਗੱਲ ਨਜ਼ਰ ਨਹੀਂ ਆਈ। ਜਿਨ੍ਹਾਂ ਲੋਕਾਂ ਨੇ ਉਹ ਚੁਸਤੀ ਕੀਤੀ ਸੀ, ਇਸ ਵਕਤ ਵੀ ਉਹ ਲੋਕ ਪੰਜਾਬ ਦੇ ਸਿਵਲ ਸੈਕਟਰੀਏਟ ਵਿੱਚ ਘੁੰਮਦੇ ਨਜ਼ਰ ਪੈ ਜਾਂਦੇ ਹਨ ਤੇ ਆਮ ਕਰ ਕੇ ਬਹੁਤ ਵੱਡੇ ਅਫਸਰਾਂ ਕੋਲ ਬੈਠੇ ਦਿਖਾਈ ਦੇਂਦੇ ਹਨ। ਨਵੀਂ ਬਣੀ ਸਰਕਾਰ ਨੂੰ ਇਸ ਚੱਕਰ ਦਾ ਪਤਾ ਹੀ ਨਹੀਂ ਲੱਗਦਾ।

ਸਾਡੀ ਸਮਝ ਹੈ ਅਤੇ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਸਮਝ ਵੀ ਇਹੋ ਹੈ ਕਿ ਨਵੀਂ ਸਰਕਾਰ ਦੇ ਮੁੱਖ ਮੰਤਰੀ ਜਾਂ ਉਸ ਦੇ ਮੰਤਰੀਆਂ ਦੀ ਨੀਤ ਵਿੱਚ ਕੋਈ ਖੋਟ ਨਾ ਵੀ ਹੋਵੇ ਤਾਂ ਉਨ੍ਹਾਂ ਦੇ ਘੇਰੇ ਜਿਹੜੀ ਬਦਮਾਸ਼ਾਂ ਦੀ ਧਾੜ ਫਿਰਦੀ ਹੈ, ਉਸ ਤੋਂ ਬਚ ਕੇ ਕੰਮ ਕਰਨਾ ਉਨ੍ਹਾਂ ਲਈ ਬਹੁਤ ਔਖਾ ਹੈ। ਇਹ ਸ਼ਤਰੰਜੀ ਖੇਡ ਹੈ, ਜਿਸ ਵਿੱਚ ਬਦਮਾਸ਼ ਕਾਮਯਾਬ ਨਾ ਹੋਏ ਤਾਂ ਸਦਾ ਲਈ ਮੈਦਾਨ ਤੋਂ ਨਿਕਲ ਜਾਣਗੇ ਅਤੇ ਉਹ ਏਨੇ ਕੱਚੇ ਖਿਡਾਰੀ ਨਹੀਂ ਕਿ ਇਹ ਨੌਬਤ ਆਉਣ ਦੀ ਉਡੀਕ ਕਰਨਗੇ। ਪੰਜਾਬੀ ਦਾ ਇੱਕ ਮੁਹਾਵਰਾ ਹੈ ਕਿ 'ਪਿੰਡ ਹਾਲੇ ਬੱਝਾ ਨਹੀਂ ਅਤੇ ਉਚੱਕੇ ਪਹਿਲਾਂ ਆ ਗਏ ਹਨ'। ਪੰਜਾਬ ਦੀ ਨਵੀਂ ਸਰਕਾਰ ਦੇ ਬਣਨ ਮਗਰੋਂ ਸੈਕਟਰੀਏਟ ਵਿੱਚ ਏਦਾਂ ਦੇ ਬੰਦੇ ਘੁੰਮਦੇ ਵੇਖ ਕੇ ਵੀ ਇਹੋ ਗੱਲ ਜਾਪਦੀ ਹੈ।

# ਚੋਅ ਉੱਤੇ ਵਸਿਆ ਪਿੰਡ

-ਕੁਲਦੀਪ ਸਿੰਘ ਧਨੌਲਾ

ਸੁਨਾਮ ਤੋਂ 21 ਕਿਲੋਮੀਟਰ, ਬੁਢਲਾਡਾ ਤੋਂ 18, ਭੀਖੀ ਤੋਂ 13 ਅਤੇ ਚੀਮਾ ਮੰਡੀ ਤੋਂ ਸੱਤ ਕਿਲੋਮੀਟਰ ਦੂਰ ਚੀਮਾ-ਲਹਿਰਾਗਾਗਾ ਸੜਕ ਦੀ ਇੱਕ ਕੰਨੀ ਉੱਤੇ ਹਟਵਾਂ ਛੋਟਾ ਜਿਹਾ ਪਿੰਡ ਸਤੌਜ ਸਰਹਿੰਦ ਚੋਅ ਉੱਤੇ ਵੱਸਿਆ ਹੈ। ਪਿੰਡ ਵਾਸੀਆਂ ਅਨੁਸਾਰ ਇਤਿਹਾਸ ਵਿੱਚ ਸਾਂਤਨੂ ਰਾਜੇ ਨੂੰ ਕੌਰਵਾਂ ਪਾਡਵਾਂ ਦਾ ਗੁਰੂ ਮੰਨਿਆ ਦਾ ਗੁਰੂ ਮੰਨਿਆ ਗਿਆ ਹੈ ਜਿਨ੍ਹਾਂ ਨੇ ਹਜ਼ਾਰਾਂ ਵਰ੍ਹੇ ਪਹਿਲਾਂ ਸੁਨਾਮ, ਸਰਹਿੰਦ, ਸਤੌਜ, ਦਲੇਵਾਂ ਵਿੱਚ ਪਾਣੀ ਦਾ ਸੋਮਾ ਨਾ ਹੋਣ ਕਾਰਨ ਸਰਹਿੰਦ ਚੋਅ (ਹੰਸਲਾ ਨਦੀ) ਉੱਤੇ ਇਹ ਪਿੰਡ ਵਸਾਏ ਸਨ। ਇਸ ਚੋਅ ਉੱਤੇ ਬਜ਼ੁਰਗ ਹੰਸਲਾ ਰਹਿੰਦਾ ਸੀ ਜਿਸ ਦੇ ਨਾਂਅ ਉੱਤੇ ਪਿੰਡ ਦਾ ਨਾਂਅ ਸਤੌਜ ਪੈ ਗਿਆ।ਕੁਝ ਲੋਕਾਂ ਦਾ ਮੱਤ ਹੈ ਕਿ ਇੱਥੇ ਸੱਤ-ਹੌਜ (ਪਾਣੀ ਜਮ੍ਹਾਂ ਕਰਨ ਵਾਲੇ ਤਲਾਅ) ਹੋਣ ਕਾਰਨ ਪਿੰਡ ਦਾ ਨਾਂਅ ਸਤੌਜ ਪਿਆ, ਜਿਨ੍ਹਾਂ ਵਿੱਚ ਇਸ ਨਦੀ ਦਾ ਪਾਣੀ ਭੰਡਾਰ ਕੀਤਾ ਜਾਂਦਾ ਸੀ। 70-80 ਵਰ੍ਹੇ ਪਹਿਲਾਂ ਬਾਬਾ ਅਮਰ ਸਿੰਘ ਨੇ ਸੁਨਾਮ ਤੋਂ ਖੇਤਾਂ ਵਿੱਚੋਂ ਪੈਦਲ ਚੱਲ ਕੇ ਜਦੋਂ ਪਿੰਡ ਸਤੌਜ ਵਿੱਚ ਆ ਕੇ ਕਿਹਾ ਸੀ ਕਿ ਇਸ ਧਰਤੀ ਥੱਲੇ ਸੱਤ ਤਲਾਅ ਹਨ ਤਾਂ ਲੋਕਾਂ ਨੇ ਉਨ੍ਹਾਂ ਨੂੰ ਪਾਗਲ ਤੱਕ ਕਹਿ ਦਿੱਤਾ ਸੀ, ਪਰ ਜਦੋਂ ਉਨ੍ਹਾਂ ਪੁਟਾਈ ਕਰਵਾ ਕੇ ਇੱਕ ਤਲਾਅ ਕੱਢ ਦਿਖਾਇਆ ਤਾਂ ਲੋਕ ਦੰਗ ਰਹਿ ਗਏ। ਅੱਜ ਵੀ ਇਹ ਤਲਾਅ ਪਿੰਡ ਵਿੱਚ ਹੈ। ਇਹ ਤਲਾਅ ਦੋ-ਦੋ ਫੁੱਟ ਲੰਮੀਆਂ ਤੇ ਫੁੱਟ-ਫੁੱਟ ਚੌੜੀਆਂ ਇੱਟਾਂ ਨਾਲ ਬਣਿਆ ਹੋਇਆ ਹੈ। ਇਨ੍ਹਾਂ ਇੱਟਾਂ ਉੱਤੇ ਲਿਖੀ ਭਾਸ਼ਾ ਅੱਜ ਤੱਕ ਕਿਸੇ ਤੋਂ ਪੜ੍ਹੀ ਨਹੀਂ ਗਈ। ਪੁਰਾਤੱਤਵ ਵਿਭਾਗ ਪਿੰਡ ਦਾ ਕੋਈ ਖੁਰਾ-ਖੋਜ ਕੱਢਣ ਦੀ ਕੋਸ਼ਿਸ਼ ਕਰ ਸਕਦਾ ਹੈ।

ਸਤੌਜ ਪਹਿਲਾਂ ਕਾਮੇਡੀ ਕਿੰਗ, ਫਿਰ ਲੋਕ ਸਭਾ ਮੈਂਬਰ ਤੇ ਅੱਜਕੱਲ੍ਹ ਮੁੱਖ ਮੰਤਰੀ ਬਣੇ ਭਗਵੰਤ ਮਾਨ ਦਾ ਜੱਦੀ ਪਿੰਡ ਹੈ। ਇਹ ਪਿੰਡ ਪਹਿਲੀ ਵਾਰ 2014 ਵਿੱਚ ਲੋਕ ਸਭਾ ਚੋਣਾਂ ਵੇਲੇ ਚਰਚਾ ਵਿੱਚ ਆਇਆ ਜਦੋਂ ਸੰਗਰੂਰ ਲੋਕ ਸਭਾ ਹਲਕੇ ਤੋਂ ਭਗਵੰਤ ਮਾਨ ਪੰਜਾਬ ਭਰ ਵਿੱਚੋਂ ਸਭ ਤੋਂ ਵੱਧ ਦੋ ਲੱਖ 11 ਹਜ਼ਾਰ 721 ਵੋਟਾਂ ਨਾਲ ਜਿੱਤਿਆ ਸੀ। 2019 ਵਿੱਚ ਫਿਰ ਜਿੱਤ ਗਿਆ ਅਤੇ ਅੱਜ ਵਿਧਾਨ ਸਭਾ ਹਲਕਾ ਧੂਰੀ ਤੋਂ ਚੋਣ ਜਿੱਤ ਕੇ ਪੰਜਾਬ ਦਾ ਮੁੱਖ ਮੰਤਰੀ ਹੈ।

ਗੁੰਮਨਾਮ ਰਹੇ ਬਾਬਾ ਅਮਰ ਸਿੰਘ ਦੇ ਨਾਂਅ ਉਤੇ ਪਿੰਡ ਦੇ ਕੁਝ ਅਗਾਂਹਵਧੂ ਨੌਜਵਾਨਾਂ ਨੇ ਲਾਇਬਰੇਰੀ ਬਣਾਈ ਅਤੇ ਭਗਵੰਤ ਮਾਨ ਨੇ ਬਤੌਰ ਲੋਕ ਸਭਾ ਮੈਂਬਰ ਬਿਲਡਿੰਗ ਬਣਵਾ ਦਿੱਤੀ। ਇਸ ਪਿੰਡ ਵਿੱਚ ਹਜ਼ਾਰਾਂ ਸਾਲ ਪੁਰਾਣੀਆਂ ਇਤਿਹਾਸਕ ਸਮਾਧਾਂ ਹਨ। ਸੱਥ ਵਿੱਚ ਬੈਠੇ ਬਜ਼ੁਰਗਾਂ ਨੇ ਦੱਸਿਆ ਕਿ ਪੰਜਾਹ-ਸੱਠ ਸਾਲ ਪਹਿਲਾਂ ਇਨ੍ਹਾਂ ਸਮਾਧਾਂ ਉੱਤੇ ਸਾਲਾਨਾ ਮੇਲਾ ਲੱਗਦਾ ਹੁੰਦਾ ਸੀ, ਫਿਰ ਬੰਦ ਹੋ ਗਿਆ। ਲੋਕਾਂ ਵਿੱਚ ਇਨ੍ਹਾਂ ਪ੍ਰਤੀ ਸ਼ਰਧਾ-ਸਤਿਕਾਰ ਜਿਉਂ ਦਾ ਤਿਉਂ ਹੈ।

ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਪਿੰਡ ਵਾਸੀ ਹਜ਼ੂਰਾ ਸਿੰਘ ਨੇ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲਿਆ, ਉਨ੍ਹਾਂ ਨੂੰ ਪੈਨਸ਼ਨ ਤੇ ਆਜ਼ਾਦੀ ਸੰਗਰਾਮੀਆਂ ਦੇ ਕੋਟੇ ਤੋਂ ਨੌਕਰੀ ਵੀ ਮਿਲੀ। ਉਨ੍ਹਾਂ ਅਕਾਲੀ ਮੋਰਚਿਆਂ ਦੌਰਾਨ ਜੇਲ੍ਹਾਂ ਵੀ ਕੱਟੀਆਂ। ਪੀ ਟੀ ਮਾਸਟਰ ਅਵਤਾਰ ਸਿੰਘ ਅਤੇ ਪਰਗਟ ਸਿੰਘ ਦੀ ਮਿਹਨਤ ਸਦਕਾ ਨੈਸ਼ਨਲ ਅਤੇ ਪੰਜਾਬ ਸਟਾਈਲ ਕਬੱਡੀ ਵਿੱਚ ਪਿੰਡ ਦੀਆਂ ਕੁੜੀਆਂ ਦੀ ਪੰਜਾਬ ਪੱਧਰ ਉੱਤੇ ਪ੍ਰਸਿੱਧ ਟੀਮ ਸੀ, ਜਿਨ੍ਹਾਂ ਵਿੱਚੋਂ ਜਸਵੀਰ ਕੌਰ ਤੇ ਬੀਰਪਾਲ ਕੌਰ ਕਮਾਲ ਦੀ ਕਬੱਡੀ ਖੇਡਦੀਆਂ ਸਨ। ਭਾਰਤੀ ਸਾਹਿਤਅਕਾਦਮੀ ਦਾ ਯੁਵਾ ਪੁਰਸਕਾਰ ਜਿੱਤਣ ਵਾਲੇ ਨਾਵਲਕਾਰ ਪਰਗਟ ਸਿੰਘ ਸਤੌਜ ਵੀ ਇਸੇ ਪਿੰਡ ਦੇ ਹਨ, ਜਿਨ੍ਹਾਂ ਦੇ 'ਭਾਗੂ', 'ਤੀਵੀਆਂ', 'ਗਲਤ ਮਲਤ ਜ਼ਿੰਦਗੀ', 'ਖਬਰ ਇੱਕ ਪਿੰਡ ਦੀ' ਅਤੇ 'ਨਾਚਫਰੋਸ਼' ਛਪ ਚੁੱਕੇ ਹਨ। ਕੁਲਦੀਪ ਸਿੰਘ ਤੇ ਨਿਰਮਲ ਸਿੰਘ ਮਾਨ ਨੇ ਗੀਤਕਾਰੀ ਅਤੇ ਸਾਹਿਤ ਖੇਤਰ ਵਿੱਚ ਪਿੰਡ ਦਾ ਨਾਂਅ ਰੋਸ਼ਨ ਕੀਤਾ ਹੈ। ਭਗਵੰਤ ਮਾਨ ਨੇ ਆਪਣੀਆਂ ਕੈਸੇਟਾਂ ਵਿੱਚ ਭੋਲੇ ਕਾ ਟਿੱਡਾ, ਨੰਬਰਦਾਰਾਂ ਦਾ ਗੁਰਜੀਤ, ਮੰਗਾ, ਬੀਬੋ ਭੂਆ, ਭਾਨ ਕਾ ਮੰਗੂ ਬਾਣੀਆਂ, ਝੰਡਾ ਅਮਲੀ, ਦੌਲਾ ਆਦਿ ਜਿਹੜੇ ਪਾਤਰਾਂ ਦੇ ਨਾਂਅ ਲਏ, ਉਹ ਕੋਈ ਕਲਪਿਤ ਨਾਂਅ ਨਹੀਂ, ਸਗੋਂ ਇਹ ਸਾਰੇ ਪਿੰਡ ਸਤੌਜ ਦੇ ਵਾਸੀ ਹਨ।

ਪਹਿਲਾਂ ਪਿੰਡ ਪ੍ਰਾਇਮਰੀ ਅਤੇ ਮਿਡਲ ਸਕੂਲ ਤੱਕ ਸੀਮਿਤ ਸੀ, ਅੱਜਕੱਲ੍ਹ ਇੱਥੇ ਹਾਈ ਸਕੂਲ ਹੈ। ਹੋਰ ਪਿੰਡਾਂ ਦੇ ਸਕੂਲਾਂ ਵਾਂਗ ਇੱਥੇ ਵੀ ਅਧਿਆਪਕਾਂ ਦੀ ਘਾਟ ਹੈ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਡਾਕਖਾਨਾ ਧਰਮਗੜ੍ਹ ਨਾ ਹੋਣ ਕਾਰਨ ਡਾਕ ਆਉਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਇੱਕ ਵਾਰ ਪਿੰਡ ਦੀ ਅਣਵੰਡੀ ਡਾਕ ਦੀਆਂ ਦੋ ਬੋਰੀਆਂ ਫੜੀਆਂ ਗਈਆਂ ਸਨ। ਲੋਕਾਂ ਦੀ ਮੰਗ ਹੈ ਕਿ ਪਿੰਡ ਦੀ ਡਾਕ ਚੀਮਾ ਮੰਡੀ ਨਾਲ ਜੋੜੀ ਜਾਵੇ।

ਪਿੰਡ ਨਾਲ ਖਹਿ ਕੇ ਲੰਘਦੀ ਸਰਹਿੰਦ ਚੋਅ ਦੇ ਪੁਲ ਦੀ ਉਸਾਰੀ ਕਈ ਦਹਾਕਿਆਂ ਤੋਂ ਹਵਾ ਵਿੱਚ ਲਟਕੀ ਰਹੀ। ਇਸ ਪੁਲ ਬਾਰੇ ਭਗਵੰਤ ਮਾਨ ਨੇ ਦੱਸਿਆ: ਉਦੋਂ ਮੈਂ ਛੇਵੀਂ ਕਲਾਸ ਵਿੱਚ ਪੜ੍ਹਦਾ ਸੀ, ਜਦੋਂ ਪਿੰਡ ਦੇ ਟੂਰਨਾਮੈਂਟ ਉੱਤੇ ਸੁਖਦੇਵ ਸਿੰਘ ਢੀਂਡਸਾ ਨੇ ਆਉਣਾ ਸੀ ਅਤੇ ਪੰਚ-'ਇਤ ਵਾਲੇ ਮੇਰੇ ਪਿਤਾ ਦਾ ਨਾਂਅ ਲੈ ਕੇ ਕਹਿੰਦੇ, ''ਮਾਸਟਰ ਮਹਿੰਦਰ ਸਿੰਘ ਦੇ ਮੁੰਡੇ ਦੀ ਲਿਖਾਈ ਵਧੀਐ, ਇਸ ਤੋਂ ਲਿਖਾਓ ਮੰਗ ਪੱਤਰ।'' ਇਸ ਤਰ੍ਹਾਂ ਮੈਂ ਮੰਗ ਪੱਤਰ ਲਿਖਿਆ ਤੇ ਪੜ੍ਹਿਆ ਵੀ ਸੀ। ਇਸ ਤੋਂ ਕਾਫੀ ਸਮਾਂ ਬਾਅਦ ਮੈਂ ਪਿੰਡ ਦੇ ਯੂਥ ਸਪੋਰਟਸ ਕਲੱਬ ਦਾ ਪ੍ਰਧਾਨ ਬਣਿਆ ਅਤੇ ਟੂਰਨਾਮੈਂਟ ਉੱਤੇ ਯੁੱਧਵੀਰ ਮਾਣਕ ਸਮੇਤ ਹੋਰ ਵੀ ਕਈ ਕਲਾਕਾਰ ਆਏ ਸਨ, ਤੇ ਸੁਖਦੇਵ ਸਿੰਘ ਢੀਂਡਸਾ ਦੇ ਆਉਣ ਉੱਤੇ ਮੈਂ ਫੇਰ ਮੰਗ ਪੱਤਰ ਪੜ੍ਹਦਿਆਂ ਇਸ ਪੁਲ ਦਾ ਜ਼ਿਕਰ ਕੀਤਾ, ਪਰ ਪੁਲ ਨਾ ਬਣਿਆ। ਆਖਰ ਮੇਰੇ ਪਾਰਲੀਮੈਂਟ ਮੈਂਬਰ ਬਣਦਿਆਂ ਹੀ ਪ੍ਰਸ਼ਾਸਨ ਹਰਕਤ ਵਿੱਚ ਆਇਆ ਤੇ ਪੁਲ ਸਿਰੇ ਚੜ੍ਹਿਆ।

ਇਸ ਪਿੰਡ ਦਾ ਭਗਵੰਤ ਮਾਨ ਅੱਜ ਮੁੱਖ ਮੰਤਰੀ ਹੈ। ਪਿੰਡ ਵਾਸੀਆਂ ਨੂੰ ਆਸ ਹੈ ਕਿ ਉਨ੍ਹਾਂ ਦੇ ਪਿੰਡ ਦੀਆਂ ਸਭ ਸਮੱਸਿਆਵਾਂ ਦੂਰ ਹੋ ਜਾਣਗੀਆਂ।









QUEENSWOOD COLLEGE
BUSINESS · HEALTH · TECHNOLOGY

Queenswood College B H & T
Convocation 2019-2020, 2020-2021

ਕੁਈਨਜ਼ਵੁੱਡ ਕਾਲਜ B H & T ਨੇ ਬਹੁਤ ਮਾਣ ਨਾਲ 29 ਅਪਰੈਲ ਨੂੰ ਸਪਰੈਨਜ਼ਾ ਬੈਂਕੁਇਟ ਹਾਲ ਬਰੈਂਪਟਨ ਵਿਖੇ ਆਪਣੇ ਵਿੱਦਿਆਰਥੀਆਂ ਦੀ ਸਖ਼ਤ ਮਿਹਨਤ, ਨਿਸ਼ਚੇ ਅਤੇ ਲਗਨ ਦੇ ਕਾਨਵੋਕੇਸ਼ਨ ਸਮਾਗਮ ਦੌਰਾਨ ਜਸ਼ਨ ਮਨਾਏ।

ਨੀਰੂ ਅਰੋੜਾ ਵਿੱਦਿਆ ਦੇ ਖੇਤਰ ਵਿੱਚ ਇੱਕ ਜਾਣੀ ਪਹਿਚਾਣੀ ਸਖਸ਼ਿਅਤ ਹਨ ਜੋ ਪਿਛਲੇ 16 ਤੋਂ ਵੀ ਵੱਧ ਸਾਲਾਂ ਤੋਂ ਸੇਵਾਵਾਂ ਦੇ ਰਹੇ ਹਨ। ਉਹ ਕਮਿਉਨਿਟੀ ਦੇ ਜੌਬਾਂ ਲੈਣ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਕੁਈਨਜ਼ਵੁੱਡ ਕਾਲਜ B H & T ਦੇ ਵਿੱਦਿਆਰਥੀਆਂ ਲਈ ਇੱਕ ਵਿਸ਼ੇਸ਼ ਅਵਸਰ ਸੀ ਅਤੇ ਕਾਲਜ ਦੇ ਵਿੱਦਿਆਰਥੀ ਬਹੁਤ ਹੀ ਉਤਸ਼ਾਹਿਤ ਸਨ। ਉਹ ਆਪਣੇ ਵਿੱਦਿਆ ਦੇ ਖੇਤਰ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਹਨ। ਕਾਲਜ ਨੇ ਉਹਨਾਂ ਲਈ ਪਲੇਸਮੈਂਟਾਂ ਦਾ ਬੰਦੋਬਸਤ ਕੀਤਾ ਅਤੇ ਉਹਨਾਂ ਨੂੰ ਪਲੇਸਮੈਂਟ ਦੇਣ ਵਾਲੇ ਇੰਪਲਾਇਰਾਂ ਕੋਲ ਉਹਨਾਂ ਨੂੰ ਨੌਕਰੀਆਂ ਵੀ ਮਿਲ ਰਹੀਆਂ ਹਨ। ਇਸ ਮੌਕੇ ਐਮ ਪੀ ਪੀ ਅਮਰਜੋਤ ਸੰਧੂ ਮੁੱਖ ਮਹਿਮਾਨ ਸਨ ਜਿਹਨਾਂ ਦਾ ਨੀਰੂ ਅਰੋੜਾ ਅਤੇ ਗਗਨ ਸ਼ੇਰਗਿੱਲ ਨੇ ਸੁਆਗਤ ਕੀਤਾ। ਜਿਵੇਂ ਅਸੀਂ ਜਾਣਦੇ ਹਾਂ ਕਿ ਲੋਕਾਂ ਦੇ ਜੀਵਨ ਵਿੱਚ ਮੀਡੀਆ ਦਾ ਅਹਿਮ ਰੋਲ ਹੈ ਅਤੇ ਮੀਡੀਆ ਨੇ ਕਾਲਜ ਦੀ ਸਫਲਤਾ ਵਿੱਚ ਵੀ ਵੱਡਾ ਰੋਲ ਅਦਾ ਕੀਤਾ ਹੈ। ਕਾਲਜ ਵੱਲੋਂ ਮੀਡੀਆ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਾਡੇ ਇਨਸਟਰਕਰ ਵੀ ਵਿੱਦਿਆਰਥੀਆਂ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ । ਬੇਸ਼ੱਕ ਕੋਈ ਕੈਨੇਡਾ ਵਿੱਚ ਨਵਾਂ ਆਇਆ ਹੋਵੇ, ਸੈਕੰਡ ਕੈਰੀਅਰ ਵੇਖ ਰਿਹਾ ਹੋਵੇ, ਲੇਅ ਆਫ ਹੋਵੇ, ਰਿਫਿਊਜੀ ਜਾਂ ਵਰਕ ਪਰਮਿਟ ਉੱਤੇ ਹੋਵੇ, ਕੁਈਨਜ਼ਵੁੱਡ ਕਾਲਜ B H & T ਮਦਦ ਕਰਨ ਲਈ ਸਦਾ ਹੀ ਤਿਆਰ ਰਹਿੰਦਾ ਹੈ। ਕਾਲਜ ਕੋਲ ਪਰਸਨਲ ਸੁਪੋਰਟ ਵਰਕਰ ਪ੍ਰੋਗਰਾਮ, ਫੂਡ ਸਰਵਿਸ ਵਰਕਰ ਪ੍ਰੋਗਰਾਮ, ਮੈਡੀਕਲ ਆਫਿਸ ਅਸਿਸਟੈਂਟ ਪ੍ਰੋਗਰਾਮ, ਅਕਾਊਂਟਿੰਗ ਪ੍ਰੋਗਰਾਮ, ਆਫਿਸ ਅਡਮਿਨਿਸਟੇਸ਼ਨ ਪ੍ਰੋਗਰਾਮ, ਅਕਾਊਂਟਿੰਗ ਸਰਟੀਫਿਕੇਟ ,ਕੰਪਿਊਟਰ ਕੋਰਸ ਅਤੇ ਭਾਸ਼ਾ ਸਿਖਲਾਈ ਦੇ ਕੋਰਸ ਹਨ। ਬਿਹਤਰ ਭੱਵਿਖ ਲਈ ਵਧੇਰੇ ਜਾਣਕਾਰੀ ਲਈ ਸੰਪ੍ਰਕ ਕਰੋ -

QUEENSWOOD COLLEGE B H & T | WWW.QUEENSWOODCOLLEGE.COM
CALL: (905) 872-0088 | ADDRESS: 2023 WILLIAMS PKWY, UNIT 3, BRAMPTON, ON, L6S 5N1



## ਭ੍ਰਿਸ਼ਟਾਚਾਰ ਮਾਮਲੇ ’ਚ ਮੁੱਖ ਮੰਤਰੀ ਵੱਲੋਂ ਫਾਈਲਾਂ ਦੀ ਪੜਤਾਲ ਸ਼ੁਰੂ

* ਕੁਝ ਸਾਬਕਾ ਮੰਤਰੀਆਂ ਦੀਆਂ ਫਾਈਲਾਂ ਵੀ ਮੰਗਵਾਈਆਂ

ਜਲੰਧਰ, 8 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੀ ਸਰਕਾਰ ਵੇਲੇ ਦੇ ਕੁਝ ਵਿਭਾਗਾਂ ਦੀਆਂ ਫਾਈਲਾਂ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਜਾਣਕਾਰ ਸੂਤਰਾਂ ਮੁਤਾਬਕ ਭਗਵੰਤ ਮਾਨ ਵੱਲੋਂ ਅਗਲੇ ਦਿਨਾਂ ਵਿੱਚ ਭ੍ਰਿਸ਼ਟਾਚਾਰ ਦੇ ਕੇਸਾਂ ਬਾਰੇ ਕੁਝ ਠੋਸ ਫੈਸਲੇ ਲਏ ਜਾਣ ਦੀ ਸੰਭਾਵਨਾ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਕੁਝ ਸਾਬਕਾ ਮੰਤਰੀਆਂ ਦੀਆਂ ਫਾਈਲਾਂ ਤੋਂ ਕਈ ਘਪਲੇ ਮਿਲੇ ਹਨ, ਜਿਸ ਪਿੱਛੋਂ ਮੁੱਖ ਮੰਤਰੀ ਨੇ ਆਪਣੇ ਕਰੀਬੀ ਅਧਿਕਾਰੀਆਂ ਨੂੰ ਇਨ੍ਹਾਂ ਫਾਈਲਾਂ ਦਾ ਡੂੰਘਾਈ ਨਾਲ ਅਧਿਅਨ ਕਰਨ ਨੂੰ ਕਿਹਾ ਹੈ।ਕੁਝ ਫਾਈਲਾਂ ਵਿੱਚ ਕਰੋੜਾਂ ਰੁਪਏ ਦੀ ਹੇਰਾਫੇਰੀ ਮਿਲ ਰਹੀ ਹੈ। ਸਰਕਾਰ ਉਨ੍ਹਾਂ ਠੇਕੇਦਾਰਾਂ ਉੱਤੇ ਵੀ ਨਜ਼ਰ ਰੱਖ ਰਹੀ ਹੈ, ਜੋ ਕੁਝ ਸਾਬਕਾ ਮੰਤਰੀਆਂ ਦੇ ਨੇੜੇ ਸਨ।ਮੁੱਖ ਮੰਤਰੀ ਦੇ ਕਰੀਬੀ ਆਗੂਆਂ ਨੇ ਦੱਸਿਆ ਕਿ ਇਸ ਵਿੱਚ



ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਗੇ ਸਮੇਂ ਵਿੱਚ ਭ੍ਰਿਸ਼ਟਾਚਾਰ ਦੇ ਕੁਝ ਕੇਸ ਦਰਜ ਕੀਤੇ ਜਾਣ।

ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ਿਲ੍ਹਾ ਪੱਧਰ ਉੱਤੇਵੀ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਪਰਦਾ ਫਾਸ਼ ਕਰਨ ਨੂੰ ਕਿਹਾ ਹੈ। ਸਰਕਾਰ ਵਿੱਚ ਦੋ ਤਰ੍ਹਾਂ ਦੇ ਵਿਚਾਰ ਚੱਲਦੇ ਹਨ। ਇੱਕ ਇਹ ਕਿ ਸਰਕਾਰ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਦੂਜਾ ਇਹ ਹੈ ਕਿ ਨਿਗਮ ਚੋਣਾਂ ਤੋਂ ਪਹਿਲਾਂ ਸਰਕਾਰ ਨੂੰ ਭ੍ਰਿਸ਼ਟਾਚਾਰ ਦੀਆਂ ਪਰਤਾਂ ਜਨਤਕ ਤੌਰ ਉੱਤੇ ਖੋਲ੍ਹ ਦੇਣੀਆਂ ਚਹੀਦੀਆਂ ਹਨ, ਜਿਸ ਨਾਲ ਸ਼ਹਿਰੀ ਲੋਕਾਂ ਉੱਤੇ ਚੰਗਾ ਅਸਰ ਪਵੇਗਾ।

## ਫੂਲਕਾ ਨੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਸ੍ਰੀ ਅਕਾਲ ਤਖਤ ਤੋਂ ਮੱਦਦ ਮੰਗੀ

ਅੰਮ੍ਰਿਤਸਰ, 8 ਮਈ (ਪੋਸਟ ਬਿਊਰੋ)- ਐਡਵੋਕੇਟ ਐਚ ਐਸ ਫੂਲਕਾ ਦੀ ਅਗਵਾਈ ਹੇਠ ਕੱਲ੍ਹ ਇੱਕ ਵਫਦ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲਿਆ ਅਤੇ ਅਪੀਲ ਕੀਤੀ ਕਿ ਪੰਜਾਬ ਵਿੱਚ ਝੋਨੇ ਦੀ ਫਸਲ ਦੀ ਬਿਜਾਈ ਕੁਦਰਤੀ ਤਰੀਕੇ ਨਾਲ ਕਰਨ ਲਈ ਲੋਕਾਂ ਨੂੰ ਧਾਰਮਿਕ ਸਥਾਨਾਂ ਰਾਹੀਂ ਜਾਗਰੂਕ ਕੀਤਾ ਜਾਵੇ।

ਉਨ੍ਹਾਂ ਮੰਗ ਕੀਤੀ ਕਿ ਇਸ ਬਾਰੇ ਗੁਰਦੁਆਰਿਆਂ ਵਿੱਚ ਖੇਤੀ ਸਤਿਸੰਗ ਕਰਾਏ ਜਾਣ, ਜਿਨ੍ਹਾਂ ਵਿੱਚ ਖੇਤੀ ਮਾਹਰਾਂ ਵੱਲੋਂ ਕਿਸਾਨਾਂ ਨੂੰ ਝੋਨਾ ਬੀਜਣ ਦੀ ਕੁਦਰਤੀ ਵਿਧੀ ਬਾਰੇ ਦੱਸਿਆ ਜਾਵੇ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ



ਲਈ ਜਾਗਰੂਕ ਕੀਤਾ ਜਾਵੇ। ਫੂਲਕਾ ਨੇ ਦਾਅਵਾ ਕੀਤਾ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਦਾ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ‘ਮੇਰੀ ਜ਼ਮੀਨ, ਮੇਰੀ ਜ਼ਿੰਮੇਵਾਰੀ' ਯੋਜਨਾ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਾਏ ਜਾਣਗੇ ਤੇ ਮੁਹਿੰਮ ਦੀ ਸ਼ੁਰੂਆਤ 10 ਮਈ ਨੂੰ ਤਲਵੰਡੀ ਭਾਈ ਦੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤੋਂ ਕੀਤੀ ਜਾਵੇਗੀ। ਇਸ ਸਬੰਧ ਵਿੱਚ 21 ਮਈ ਤਕ ਵੱਖ-ਵੱਖ ਹਲਕਿਆਂ ਵਿੱਚ ਗੁਰਦੁਆਰਿਆਂ ਤੇ ਹੋਰ ਧਰਮ ਅਸਥਾਨਾਂ ਉੱਤੇ ਜਾਗਰੂਕ ਕੈਂਪ ਲੱਗਣਗੇ।

## ਤੇਜਿੰਦਰਪਾਲ ਬੱਗਾ ਕੇਸ: ਪੰਜਾਬ ਵੱਲੋਂ ਕੇਂਦਰ ਨੂੰ ਧਿਰ ਬਣਾਉਣ ਲਈ ਹਾਈ ਕੋਰਟ ’ਚ ਅਰਜ਼ੀ

* 6 ਮਈ ਦੀ ਸੀ ਸੀ ਟੀ ਵੀ ਫੁਟੇਜ ਸੰਭਾਲ ਕੇ ਰੱਖਣ ਦੀ ਅਪੀਲ

ਚੰਡੀਗੜ੍ਹ, 8 ਮਈ (ਪੋਸਟ ਬਿਊਰੋ)- ਭਾਜਪਾ ਆਗੂ ਤੇਜਿੰਦਰਪਾਲ ਸਿੰਘ ਬੱਗਾ ਦੀ ਦਿੱਲੀ ਤੋਂ ਗ੍ਰਿਫਤਾਰੀ ਦੇ ਕੇਸ ਵਿੱਚ ਕੇਂਦਰ ਸਰਕਾਰ ਨੂੰ ਧਿਰ ਬਣਾਉਣ ਅਤੇ ਦਿੱਲੀ ਦੇ ਜਨਕਪੁਰੀ ਤੇ ਹਰਿਆਣਾ ਕੇ ਕੁਰੂਕਸ਼ੇਤਰ ਥਾਣਿਆਂ ਦੀ 6 ਮਈ ਦੀ ਸੀ ਸੀ ਟੀ ਵੀ ਫੁਟੇਜ਼ ਸੰਭਾਲ ਕੇ ਰੱਖਣ ਦੀ ਬੇਨਤੀ ਕਰਦਿਆਂ ਪੰਜਾਬ ਸਰਕਾਰ ਨੇ ਕੱਲ੍ਹ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਦੋ ਅਰਜ਼ੀਆਂ ਦਿੱਤੀਆਂ ਹਨ। ਪੰਜਾਬ ਸਰਕਾਰ ਨੇ ਦੋਸ਼ ਲਾਇਆ ਕਿ ਬੱਗਾ ਦੇ ਖਿਲਾਫ ਮੋਹਾਲੀ ਵਿੱਚ ਬੀਤੇ ਮਹੀਨੇ ਦਰਜ ਕੇਸ ਦੇ ਸਿਲਸਿਲੇ ਵਿੱਚ ਉਸ ਨੂੰ ਗ੍ਰਿਫਤਾਰ ਕਰਨ ਗਈ ਪੰਜਾਬ ਪੁਲਸ ਦੀ ਟੀਮ ਨੂੰ ਜਨਕਪੁਰੀ ਤੇ ਕੁਰੂਕਸ਼ੇਤਰ ਥਾਣਿਆਂ ਵਿੱਚ ਨਾਜਾਇਜ਼ ਤੌਰ ਉੱਤੇ ਬੰਦੀ ਬਣਾ ਕੇ ਰੱਖਿਆ ਗਿਆ ਸੀ।

ਇਸ ਮੌਕੇ ਦਿੱਲੀ ਪੁਲਸ ਵੱਲੋਂ ਪੇਸ਼ ਹੋਏ ਭਾਰਤ ਦੇ ਵਕੀਲ ਸਾਲਿਸਟਰ ਜਨਰਲ ਨੇ ਕਿਹਾ ਕਿ ਅਦਾਲਤ ਵੱਲੋਂ ਨੋਟਿਸ ਜਾਰੀ ਕਰ ਕੇ ਜਵਾਬ ਮੰਗਣ ’ਤੇ ਪੰਜਾਬ ਸਰਕਾਰ ਨੇ ਦੋ ਅਰਜ਼ੀਆਂ ਦਿੱਤੀਆਂ ਹਨ। ਇੱਕ ਵਿੱਚ ਭਾਰਤ ਸਰਕਾਰ ਅਤੇ ਦਿੱਲੀ ਪੁਲਸ ਕਮਿਸ਼ਨਰ



ਨੂੰ ਧਿਰ ਬਣਾਉਣ ਦੀ ਬੇਨਤੀ ਕੀਤੀ ਹੈ। ਦੂਜੀ ਅਰਜ਼ੀ ਵਿੱਚ ਮੰਗ ਕੀਤੀ ਹੈ ਕਿ ਦਿੱਲੀ ਦੇ ਜਨਕਪੁਰੀ ਤੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਪਿਪਲੀ ਅਤੇ ਸਦਰ ਥਾਣਿਆਂ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਛੇ ਮਈ ਦੀ ਫੁਟੇਜ ਸੁਰੱਖਿਅਤ ਰੱਖਣ ਦੇ ਨਿਰਦੇਸ਼ ਦਿੱਤੇ ਜਾਣ। ਪੰਜਾਬ ਸਰਕਾਰ ਨੇ ਬੰਦੀ ਬਣਾਏ ਗਏ ਆਪਣੇ ਪੁਲਸ ਮੁਲਾਜ਼ਮਾਂ ਦੇ ਬਾਰੇ ਸ਼ੁੱਕਰਵਾਰ ਨੂੰ ਹਾਈ ਕੋਰਟ ਵਿੱਚ ਹੈਬੀਅਸ ਕੋਰਪਸ ਪਟੀਸ਼ਨ ਦਾਖਲ ਕੀਤੀ ਸੀ। ਦਿੱਲੀ ਅਤੇ ਹਰਿਆਣਾ ਪੁਲਸ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਇਸ ਵਿੱਚ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਕੱਲ੍ਹ ਸੁਣਵਾਈ ਮੁਲਤਵੀ ਕੀਤੀ ਗਈ ਤੇ ਅਗਲੀ ਸੁਣਵਾਈ 10 ਮਈ ਨੂੰ ਹੋਵੇਗੀ ਕਿਉਂਕਿ ਇਸ ਬਾਰੇ ਹੈਬੀਅਸ ਕੋਰਪਸ ਪਟੀਸ਼ਨ ਕਿਸੇ ਹੋਰ ਬੈਂਚ ਕੋਲ ਹੈ। ਦਿੱਲੀ ਪੁਲਸ ਨੇ ਬੱਗਾ ਦੇ ਪਿਤਾ ਪ੍ਰਿਤਪਾਲ ਸਿੰਘ ਦੀ ਸ਼ਿਕਾਇਤ ਉੱਤੇ ਅਗਵਾ ਦਾ ਕੇਸ ਦਰਜ ਕੀਤਾ ਸੀ।

ਦਿੱਲੀ ਪੁਲਸ ਦੇ ਵਕੀਲ ਨੇ ਕਿਹਾ ਕਿ ਮੈਂ ਸਾਫ ਕਰ ਦਿੱਤਾ ਹੈ ਕਿ ਅਸੀਂ ਪੰਜਾਬ ਪੁਲਸ ਦੇ ਕਿਸੇ ਅਧਿਕਾਰੀ ਨੂੰ ਹਿਰਾਸਤ ਵਿੱਚ ਨਹੀਂ ਲਿਆ ਸੀ। ਬੱਗਾ ਨੂੰ ਦਿੱਲੀ ਅਦਾਲਤ ਦੇ ਹੁਕਮਾਂ ਉੱਤੇ ਪਿੱਪਲੀ ਤੋਂ ਦਿੱਲੀ ਪੁਲਸ ਨੇ ਹਿਰਾਸਤ ਵਿੱਚ ਲਿਆਅਤੇਉਸ ਦਾ ਮੈਡੀਕਲ ਕਰਾਉਣ ਪਿੱਛੋਂ ਉਸ ਨੂੰ ਦੇਰ ਰਾਤ ਜੱਜ ਅੱਗੇ ਪੇਸ਼ ਕੀਤਾ ਸੀ, ਜਿਨ੍ਹਾਂ ਨੇ ਉਸ ਨੂੰ ਘਰ ਜਾਣ ਦੀ ਇਜਾਜ਼ਤ ਦਿੱਤੀ ਸੀ। ਉਨ੍ਹਾਂ ਕਿਹਾ ਕਿ ਬੱਗਾ ਨੂੰ ਹਿਰਾਸਤ ਵਿੱਚ ਲੈਣ ਸਬੰਧੀ ਪੰਜਾਬ ਪੁਲਸ ਨੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਅਤੇ ਸਾਦੀ ਵਰਦੀ ਵਿੱਚ ਉਸ ਦੇ ਘਰ ਗਏ ਸਨ। ਪੰਜਾਬ ਸਰਕਾਰ ਦੇ ਵਕੀਲ ਨੇ ਦੱਸਿਆ ਕਿ ਬੱਗਾ ਦੀ ਗ੍ਰਿਫਤਾਰੀ ਦਾ ਪੰਜਾਬ ਪੁਲਸ ਨੂੰ ਪੂਰਾ ਹੱਕ ਹੈ ਕਿਉਂਕਿ ਪੰਜ ਵਾਰ ਸੰਮਨ ਭੇਜਣ ਉੱਤੇ ਉਹ ਪੇਸ਼ ਨਹੀਂ ਹੋਇਆ।

## ਖਪਤਕਾਰ ਕਮਿਸ਼ਨ ਵੱਲੋਂ ਹਸਪਤਾਲ ਨੂੰ ਪੰਜ ਲੱਖ ਜੁਰਮਾਨਾ

ਬਟਾਲਾ, 8 ਮਈ (ਪੋਸਟ ਬਿਊਰੋ)- ਗਲੋਬਲ ਸਿੱਖ ਵਿਜ਼ਨ ਲੰਡਨ ਦੇ ਡਾਇਰੈਕਟਰ ਤੇ ਗੁਰਦ-ਆਰਾ ਦਸਮੇਸ਼ ਦਰਬਾਰ ਸਾਹਿਬ ਦੇ ਮੁੱਖ ਪ੍ਰਬੰਧਕ ਨਿਸ਼ਾਨ ਸਿੰਘ ਕਾਹਲੋਂ ਨੇ ਦੱਸਿਆ ਕਿ ਉਨ੍ਹਾਂ ਨੇ ਸਾਲ 2020 ਵਿੱਚ ਕੈਨੇਡਾ ਦੀ ਪੀ ਆਰ ਲਈ ਮੋਹਾਲੀ ਦੇ ਬਹੁਤ ਵੱਡੇ ਅਤੇ ਪ੍ਰਸਿੱਧ ਹਸਪਤਾਲਤੋਂ ਮੈਡੀਕਲ ਕਰਵਾਇਆ ਸੀ। ਇਸ ਹਸਪਤਾਲ ਦੇ ਇੱਕ ਡਾਕਟਰ ਨੇ ਉਸ ਪਾਸੋਂ ਮੋਟੀ ਰਕਮ ਵਸੂਲਣ ਦੀ ਮਨਸ਼ਾ ਨਾਲ ਉਨ੍ਹਾਂ ਨੂੰ ਬੇਲੋੜੇ ਟੈਸਟਾਂ ਵਿੱਚ ਉਲਝਾਉਣਾ ਸ਼ੁਰੂ ਕਰ ਦਿੱਤਾ। ਮੁੱਢਲੇ ਟੈਸਟ ਨਾਰਮਲ ਆਉਣ ਦੇ ਬਾਵਜੂਦ ਅੰਬੈਸੀ ਦੀਆਂ ਹਦਾਇਤਾਂ ਦੇ ਉਲਟ ਈਕੋ, ਟੀ ਐਮ ਟੀ ਅਤੇ ਸਟਰੈਸ ਬੈਲੀਅਮ ਵਰਗੇ ਟੈਸਟ ਕਰਵਾ ਦਿੱਤੇ। ਜਥੇਦਾਰ ਕਾਹਲੋਂ ਨੇ ਆਪਣੇ





ਮੈਡੀਕਲ ਬਾਰੇ ਫੋਰਟਿਸ ਹਸਪਤਾਲ ਤੋਂ ਦੂਜੀ ਰਿਪੋਰਟ ਲਈ, ਜੋ ਬਿਲਕੁਲ ਨਾਰਮਲ ਸੀ। ਫਿਰ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਦੇ ਧਿਆਨ ਵਿੱਚ ਸਾਰਾ ਮਾਮਲਾ ਲਿਆਂਦਾ ਅਤੇ ਉਨ੍ਹਾ ਦੇ ਹੁਕਮਾਂ ਉੱਤੇ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਦੇ ਦੋ ਡਾਕਟਰਾਂ ਦੇ ਪੈਨਲ ਨੇ ਜਥੇਦਾਰ ਕਾਹਲੋਂ ਦਾ ਮੈਡੀਕਲ ਕੀਤਾ, ਜੋ ਸਹੀ ਪਾਇਆ ਗਿਆ।

ਜਥੇਦਾਰ ਕਾਹਲੋਂ ਨੇ ਦੱਸਿਆ ਕਿ ਉਸ ਨੇ ਆਪਣੇ ਮੈਡੀਕਲ ਬਾਰੇ ਕੈਨੇਡੀਅਨ ਅੰਬੈਸੀ ਨੂੰ ਸਾਰੇ ਕਾਗਜ਼ ਭੇਜ ਕੇ ਉਕਤ ਹਸਪਤਾਲ ਅਤੇ ਉਸ ਵਿੱਚ ਕੰਮ ਕਰਦੇ ਡਾਕਟਰ ਬਾਰੇ ਜਾਣੂ ਕਰਾਇਆ, ਜਿਸ ਉੱਤੇ ਕਾਰਵਾਈ ਕਰਦਿਆਂ ਕੈਨੇਡੀਅਨ ਅੰਬੈਸੀ ਨੇ ਕਾਹਲੋਂ ਨੂੰ ਸਾਲ 2020 ਵਿੱਚ ਪੀ ਆਰ ਦੇ ਦਿੱਤੀ ਸੀ, ਪਰ ਕਾਹਲੋਂ ਨੇ ਉਸ ਹਸਪਤਾਲ ਵਿਰੁੱਧ ਸਾਲ 2020 ਵਿੱਚ ਕੰਜ਼ਿਊਮਰ ਕਮਿਸ਼ਨ ਮੋਹਾਲੀ ਵਿੱਚ ਕੇਸ ਕਰ ਦਿੱਤਾ। ਲਗਭਗ ਡੇਢ ਸਾਲ ਕੇਸ ਦੀ ਸੁਣਵਾਈ ਦੌਰਾਨ ਕਾਹਲੋਂ ਵੱਲੋਂ ਕੀਤੀ ਬਹਿਸ ਅਤੇ ਸੱਚਾਈ ਨੂੰ ਕੰਜ਼ਿਊਮਰ ਕਮਿਸ਼ਨ ਮੋਹਾਲੀ ਨੇ ਪ੍ਰਵਾਨ ਕਰਦਿਆਂ ਉਕਤ ਹਸਪਤਾਲ ਨੂੰ ਪੰਜ ਲੱਖ ਰੁਪਏ ਦਾ ਜੁਰਮਾਨਾ ਕਰ ਦਿੱਤਾ। ਇਹ ਆਪਣੀ ਤਰ੍ਹਾਂ ਦਾ ਸ਼ਾਇਦ ਪਹਿਲਾ ਕੇਸ ਹੈ।

## ਕੈਂਟ ਬੋਰਡ ਦੇ ਮੁਲਾਜ਼ਮਾਂ ਨੂੰ ਦੋ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ

ਜਲੰਧਰ, 8 ਮਈ (ਪੋਸਟ ਬਿਊਰੋ)- ਇੱਕ ਪਾਸੇ ਜਲੰਧਰ ਦੇ ਕੈਂਟ ਬੋਰਡ ਪ੍ਰਸ਼ਾਸਨ ਕੋਲ ਮੁਲਾਜ਼ਮਾਂ ਨੂੰ ਤਨਖਾਹ ਦੇਣ ਲਈ ਫੰਡ ਨਹੀਂ ਹੈ ਅਤੇ ਦਰਜਾ ਚਾਰ ਮੁਲਾਜ਼ਮਾਂ ਨੂੰ ਤਨਖਾਹ ਨਾ ਮਿਲਣ ਕਾਰਨ ਉਨ੍ਹਾਂ ਦੇ ਘਰਾਂ ਦੇ ਚੁੱਲ੍ਹੇ ਬੁਝਣ ਕੰਢੇ ਹਨ, ਦੂਸਰੇ ਪਾਸੇ ਕੈਂਟ ਬੋਰਡ ਦੇ ਅਧਿਕਾਰੀਆਂ ਦੀ ਇੱਕ ਲਾਬੀ ਵੱਲੋਂ ਦਿੱਤੀ ਵਿਦਾਇਗੀ ਪਾਰਟੀ ਵਿੱਚ ਲੱਖਾਂ ਰੁਪਏ ਦੀ ਸ਼ਰਾਬ ਉਡਾ ਦਿੱਤੀ ਗਈ ਹੈ, ਜਿਸ ਤੋਂ ਹਰ ਕੋਈ ਹੈਰਾਨ ਹੋ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਸਾਰੇ ਮੁਲਾਜ਼ਮਾਂ ਨੂੰ ਮਾਰਚ ਅਤੇ ਅਪ੍ਰੈਲ ਮਹੀਨੇ ਦੀ ਤਨਖਾਹ ਨਹੀਂ ਮਿਲੀ। ਤੀਜਾ ਮਹੀਨਾ ਸ਼ੁਰੂ ਹੋ ਗਿਆ, ਪਰ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਦਿੱਤੀ ਗਈ, ਪਰ ਡਿਪਟੀ ਸੀ ਈ ਓ ਦੀ ਵਿਦਾਇਗੀ ਅਤੇ ਨਵੇਂ ਸੀ ਈ ਓ ਦੇ ਆਗਮਨ ਉੱਤੇ ਅਧਿਕਾਰੀਆਂ ਨੇ ਜਲੰਧਰ ਦੇ ਇੱਕ ਹੋਟਲ ਵਿੱਚ ਉਨ੍ਹਾਂ ਨੂੰ ਪਾਰਟੀ ਦਿੱਤੀ ਅਤੇ ਇਸ ਦੌਰਾਨ ਲੱਖਾਂ ਰੁਪਏ ਦੀ ਸ਼ਰਾਬ ਉਡਾ ਦਿੱਤੀ ਗਈ ਤੇ ਉਨ੍ਹਾਂ ਨੂੰ ਮਹਿੰਗੇ ਗਿਫਟ ਵੀ ਦਿੱਤੇ ਗਏ ਹਨ।

## 10 ਮਿੰਟਾਂ ਵਿੱਚ ਜਨਰੇਟਰ ਟਰੈਕਟਰ ਦੇ ਪਿੱਛੇ ਬੰਨ੍ਹ ਕੇ ਚੋਰ ਲੈ ਗਏ

ਆਦਮਪੁਰ, 8 ਮਈ (ਪੋਸਟ ਬਿਊਰੋ)- ਜਲੰਧਰ-ਹੁਸ਼ਿਆਰਪੁਰ ਹਾਈਵੇ ਉੱਤੇ ਨੈਟਕਾਮ ਕੰਪਿਊਟਰ ਸੈਂਟਰ ਦੇ ਬਾਹਰੋਂ ਸ਼ੁੱਕਰਵਾਰ ਰਾਤ 12.35 ਦੇ ਕਰੀਬ ਟਰੈਕਟਰ ਉੱਤੇ ਆਏ ਲਗਭਗ ਦੋ, ਤਿੰਨ ਚੋਰ ਜਨਰੇਟਰ ਟਰੈਕਟਰ ਪਿੱਛੇ ਟੋਚਨ ਲਗਾ ਕੇ 12.45 ਉੱਤੇ ਚੋਰੀ ਕਰ ਲੈ ਗਏ।

ਸੈਂਟਰ ਦੇ ਮਾਲਕ ਅਮੀਰ ਸਿੰਘ ਨੇ ਪੁਲਸ ਨੂੰ ਸੀ ਸੀ ਟੀ ਵੀ ਫੁਟੇਜ ਦਿੰਦੇ ਹੋਏ ਦੱਸਿਆ ਕਿ ਜਦ ਉਹ ਸਵੇਰੇ ਸੈਂਟਰ ਖੋਲ੍ਹਣ ਪਹੁੰਚੇ। ਚੋਰੀ ਦੀ ਘਟਨਾ ਤੋਂ ਬਾਅਦ ਸੀ ਸੀ ਟੀ ਵੀ ਵਿੱਚ 12.46 ਉੱਤੇ ਜਲੰਧਰ ਵੱਲ ਜਾਂਦੇ ਹੋਏ ਚੋਰ ਦਿਖਾਈ ਦਿੱਤੇ। ਉਨ੍ਹਾਂ ਦੱਸਿਆ ਕਿ ਜਨਰੇਟਰ ਸੰਗਲ ਪਾ ਕੇ ਲਾਕ ਕੀਤਾ ਹੋਇਆ ਸੀ। ਇਸ ਦੇ ਬਾਵਜੂਦ ਚੋਰਾਂ ਨੇ ਉਸ ਨੂੰ ਉਖਾੜ ਸੁੱਟਿਆ। ਇਹ ਡਬਲ ਸਿਲੰਡਰ 10 ਕਿਲੋਵਾਟ ਦਾ ਜਨਰੇ-ਟਰ ਹੈ। ਲੋਕਾਂ ਕਹਿੰਦੇ ਹਨ ਕਿ ਰਾਤ ਦੀ ਪੈਟਰੋਲਿੰਗ ਨਾ-ਮਾਤਰ ਹੋਣ ਦੇ ਕਾਰਨ ਅੱਗੇ ਵੀ ਕਈ ਵਾਰ ਚੋਰੀਆਂ ਹੋ ਚੁੱਕੀਆਂ ਹਨ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਬਿਨਾਂ ਟਿਕਟ ਰੇਲ ਮੁਸਾਫਰਾਂ ਨੂੰ 5.21 ਕਰੋੜ ਰੁਪਏ ਦੇ ਜੁਰਮਾਨੇ

ਜੈਤੋ, 8 ਮਈ (ਪੋਸਟ ਬਿਊਰੋ)- ਉਤਰੀ ਰੇਲਵੇ ਦੇ ਫਿਰੋਜ਼ਪੁਰ ਰੇਲ ਮੰਡਲ ਦੇ ਡੀ ਆਰ ਐਮ ਨੇ ਕਿਹਾ ਕਿ ਫਿਰੋਜ਼ਪੁਰ ਮੰਡਲ ਨੇ ਰੇਲ ਗੱਡੀਆਂ ਵਿੱਚ ਮੁਫਤ ਸਫਰ ਦੇ ਰੁਝਾਨ ਨੂੰ ਰੋਕਣ ਦੀ ਮੁਹਿੰਮ ਹੇਠ ਅਪ੍ਰੈਲ 2022 ਦੌਰਾਨ 74056 ਯਾਤਰੀ ਬਿਨਾਂ ਟਿਕਟ ਸਫਰ ਕਰਦੇ ਫੜੇ ਗਏ। ਉਨ੍ਹਾਂ ਕੋਲੋਂ ਜੁਰਮਾਨੇ ਵਜੋਂ ਕਰੀਬ 5.21 ਕਰੋੜ ਰੁਪਏ ਵਸੂਲ ਕੀਤੇ ਗਏ। ਅਪ੍ਰੈਲ ਮਹੀਨੇ ਵਿੱਚ ਫਿਰੋਜ਼ਪੁਰ ਮੰਡਲ ਦੇ ਇਤਿਹਾਸ ਵਿੱਚ ਇਹ ਸਭ ਤੋਂ ਵਧੀਆ ਪ੍ਰਦਰਸ਼ਨ ਹੈ।



ਇਸ ਤੋਂ ਪਹਿਲਾਂ ਇਹ ਰਿਕਾਰਡ ਮਾਰਚ 2022 ਵਿੱਚ ਬਣਿਆ ਸੀ ਅਤੇ ਟਿਕਟ ਚੈਕਿੰਗ ਰਾਹੀਂ ਕਰੀਬ 3.96 ਕਰੋੜ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ ਸੀ। ਰਾਮ ਰੂਪ ਮੀਣਾ, ਟੀ ਟੀ ਆਈ, ਜਿਸ ਦਾ ਹੈਡਕੁਆਰਟਰ ਲੁਧਿਆਣਾ ਹੈ, ਨੇ ਟਿਕਟ ਚੈਕਿੰਗ ਵਿੱਚ ਕਰੀਬ 27 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਹੈ, ਜੋ ਅਪ੍ਰੈਲ ਮਹੀਨੇ ਵਿੱਚ ਨਿੰਜੀ ਟਿਕਟ ਚੈਕਿੰਗ ਵਿੱਚਡਵੀਜ਼ਨ ਦੀ ਸਭ ਤੋਂ ਵਧੀਆ ਕਾਰਗੁਜ਼ਾਰੀ ਹੈ। ਇਸ ਦੌਰਾਨ ਅਪ੍ਰੈਲ ਮਹੀਨੇ ’ਚ ਸਟੇਸ਼ਨ ਕੰਪਲੈਕਸ ਵਿੱਚ ਗੰਦਗੀ ਫੈਲਾਉਣ ਵਾਲੇ 254 ਯਾਤਰੀਆਂ ਕੋਲੋਂ (ਐਂਟੀ ਲਿਟਰਿੰਗ ਐਕਟ ਹੇਠ) ਵਸੂਲੀ ਕੀਤੀ ਗਈ।

## ਗੁਰਦੁਆਰਾ ਸੀਸ ਗੰਜ ਸਾਹਿਬ ਦੀ ਸੇਵਾ ਵਿੱਚ ਸਿਆਸਤ ਲਈ ਵਿਘਨ ਪਾਉਣਾ ਨਿੰਦਣਯੋਗ : ਕਾਲਕਾ

ਜਲੰਧਰ, 8 ਮਈ (ਪੋਸਟ ਬਿਊਰੋ)- ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਚੱਲ ਰਹੀ ਕਾਰ ਸੇਵਾ ਦੌਰਾਨ ਵਿਘਨ ਪਾ ਕੇ ਸਿਆਸਤ ਚਮਕਾਉਣ ਦੇ ਯਤਨ ਕਰਨ ਦੀਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਜ਼ੋਰਦਾਰ ਨਿਖੇਧੀ ਕੀਤੀ ਅਤੇ ਇਨ੍ਹਾਂ ਹਰਕਤਾਂ ਤੋਂ ਬਾਜ਼ ਆਉਣ ਨੂੰ ਕਿਹਾ ਹੈ।

ਕੱਲ੍ਹ ਇੱਥੇ ਬਾਬਾ ਸੁਰਿੰਦਰ ਸਿੰਘ, ਬਾਬਾ ਰਵੀ ਸਿੰਘ ਤੇ ਗ੍ਰੰਥੀ ਸਾਹਿਬਾਨ ਨਾਲ ਪ੍ਰੈਸ ਕਾਨਫਰੰਸ ਕਰ ਕੇ ਉਨ੍ਹਾਂ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਬਾਬਾ ਬਚਨ ਸਿੰਘ ਦੀ ਅਗਵਾਈ ਹੇਠ ਕਾਰ ਸੇਵਾ ਦਾ ਕੰਮ ਚੱਲਦਾ ਹੈ ਤੇ ਇਸ ਚੱਲਦੀ ਸੇਵਾ ਦੀਆਂ ਫੋਟੋ ਲੈ ਕੇ ਕੁਝ ਲੋਕ ਸਿਆਸਤ ਚਮਕਾਉਣ ਦਾ ਯਤਨ ਕਰਦੇ ਹਨ।ਉਨ੍ਹਾਂ ਕਿਹਾ ਕਿ ਜੋ ਗੁਰਬਾਣੀ



ਦੀਆਂ ਪੁਰਾਤਨ ਗਲਤੀਆਂ ਹਨ, ਉਨ੍ਹਾਂ ਨੂੰ ਦਰੁੱਸਤ ਕਰਨ ਲਈ ਗ੍ਰੰਥੀ ਸਾਹਿਬਾਨ ਦੀ ਡਿਊਟੀ ਲਾਈ ਗਈ ਹੈ ਅਤੇ ਕੁਝ ਥਾਵਾਂ ਉੱਤੇ ਸਿਰਫ ਖੁਦਾਈ ਨਾਲ ਹੀ ਦਰੁਸਤੀ ਹੋਣੀ ਹੈ, ਜਿਸ ਲਈ ਵਿਸ਼ੇਸ਼ ਟੀਮ ਲਾਈ ਜਾ ਰਹੀ ਹੈ। ਕਾਲਕਾ ਨੇ ਕਿਹਾ ਕਿ ਇਹ ਸਿੱਖਾਂ ਦੀ ਪ੍ਰਮੁੱਖ ਸੰਸਥਾ ਦਿੱਲੀ ਗੁਰ-ਦੁਆਰਾ ਕਮੇਟੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਇਹ ਕੋਝੀਆਂ ਹਰਕਤਾਂ ਕਰਨ ਵਾਲੇ ਅਤੇ ਉਨ੍ਹਾਂ ਕੋਲ ਸ਼ਿਕਾਇਤਾਂ ਦੇਣ ਵਾਲੇ ਅਨਸਰਾਂ ਦਾ ਪਿਛੋਕੜ ਵੇਖ ਕੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਇਸ ਮੌਕੇ ਬਾਬਾ ਸੁਰਿੰਦਰ ਸਿੰਘ ਨੇ ਦੱਸਿਆ, ਜੋ ਟੂਕਾਂ ਲਿਖੀਆਂ ਹਨ, ਉਹ ਪੁਰਾਣੀਆਂ ਹਨ, ਅਸੀਂ ਉਨ੍ਹਾਂ ਨਾਲ ਕੋਈ ਛੇੜਛਾੜ ਨਹੀਂ ਕੀਤੀ, ਕੋਈ ਲਗ-ਮਾਤਰਾ ਨਾ ਲਾਈ ਤੇ ਨਾ ਹਟਾਈ ਹੈ। ਉਨ੍ਹਾਂ ਕਿਹਾ ਕਿ ਕੁਝ ਗਲਤੀਆਂ ਪੁਰਾਤਨ ਹਨ, ਪ੍ਰਧਾਨ ਦਿੱਲੀ ਗੁਰਦੁਆਰਾ ਕਮੇਟੀ ਨੇ ਗ੍ਰੰਥੀ ਸਿੰਘਾਂ ਦੀ ਡਿਊਟੀ ਲਾਈ ਹੈ, ਚੈਕ ਕਰ ਕੇ ਠੀਕ ਕਰਵਾ ਦੇਣਗੇ।ਇਸ ਮੌਕੇ ਗ੍ਰੰਥੀ ਸਾਹਿਬਾਨ ਨੇ ਦੱਸਿਆ ਕਿ ਬਾਬਾ ਬੱਚਨ ਸਿੰਘ, ਬਾਬਾ ਸੁਰਿੰਦਰ ਸਿੰਘ ਤੇ ਹੋਰਨਾਂ ਨੇ ਕਿਹਾ ਸੀ ਕਿ ਪੁਰਾਤਨ ਲਿਖੀਆਂ ਟੂਕਾਂ ਨਾਲ ਅਸੀਂ ਛੇੜਛਾੜ ਨਹੀਂ ਕਰਾਂਗੇ। ਇਸ ਲਈ ਚੱਲਦੇ ਕੰਮ ਵਿੱਚ ਦਖਲ ਮੰਦਭਾਗਾ ਹੈ।

## ਪੁਲਸ ਉਤੇ ਫਇਰਿੰਗ, ਹੈੱਡ ਕਾਂਸਟੇਬਲ ਜ਼ਖਮੀ

ਅੰਮ੍ਰਿਤਸਰ, 8 ਮਈ (ਪੋਸਟ ਬਿਊਰੋ)- ਕਤਲ ਦੀ ਕੋਸ਼ਿਸ਼ ਤੇ ਗੋਲੀ ਚਲਾਉਣ ਦੇ ਮਾਮਲੇ ਵਿੱਚ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਪੁੱਜੀ ਬਟਾਲਾ ਪੁਲਸ ਉੱਤੇ ਕੁਝ ਲੋਕਾਂ ਨੇ ਗੋਲੀਆਂ ਚਲਾ ਦਿੱਤੀਆਂ।

ਇਹ ਵਾਰਦਾਤ ਕੱਲ੍ਹ ਸ਼ਾਮ ਥਾਣਾ ਜੰਡਿਆਲਾ ਦੇ ਅਕਾਲਗੜ੍ਹ ਢਪਈਆ ਪਿੰਡ ਵਿੱਚ ਹੋਈ ਤੇ ਗੋਲੀ ਲੱਗਣ ਨਾਲ ਸਤਨਾਮ ਸਿੰਘ ਨਾਂਅ ਦਾ ਹੈਡ ਕਾਂਸਟੇਬਲ ਜ਼ਖਮੀ ਹੋ ਗਿਆ ਹੈ ਜਿਸ ਨੂੰ ਨਿੱਜੀ ਹਸਪਤਾਲ ਦਾਖਲ ਕਰਾਇਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸਦਰ ਥਾਣਾਬਟਾਲਾ ਦੀ ਪੁਲਸ ਨੇ ਕੁਝ ਦਿਨ ਪਹਿਲਾਂ ਦਰਜ ਕੀਤੇ ਕਤਲ ਦੀ ਕੋਸ਼ਿਸ਼, ਗੋਲੀ ਚਲਾਉਣ ਦੇ ਕੇਸ ਵਿੱਚ ਜੋਬਨਜੀਤ ਸਿੰਘ, ਗੁਰਮੇਜ ਸਿੰਘ ਸਮੇਤ ਦਰਜਨ ਲੋਕਾਂ ਨੂੰ ਨਮਜ਼ਦ ਕੀਤਾ ਸੀ। ਇਸੇ ਆਧਾਰ ਬਟਾਲਾ ਪੁਲਸ ਨੇ ਉਸ ਪਿੰਡਛਾਪੇਮਾਰੀ ਕੀਤੀ। ਪੁਲਸ ਨੂੰ ਦੇਖ ਕੇ ਦੋਸ਼ੀਆਂ ਨੇ ਗੋਲੀਆਂ ਚਲਾ ਦਿੱਤੀਆਂ। ਸਾਹਮਣੇ ਤੋਂ ਫਾਇਰ ਚੱਲਦੇ ਦੇਖ ਪੁਲਸ ਵਾਲਿਆਂ ਨੇ ਪਹਿਲਾਂ ਕਿਸੇ ਤਰ੍ਹਾਂ ਆਪਣਾ ਬਚਾਅ ਕੀਤਾ, ਪਰ ਬਾਅਦ ਵਿੱਚ ਜਦੋਂ ਮੁਲਜ਼ਮਾਂ ਨੇ ਪਿੰਡ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਟੀਮ ਨੇ ਪਿੱਛਾ ਕਰ ਕੇ ਚਾਰ ਮੁਲਜ਼ਮਾਂ ਨੂੰ ਫੜ ਲਿਆ।

## ਸਾਬਕਾ ਮੰਤਰੀ ਬਲਬੀਰ ਸਿੱਧੂ ਦੇ ਨੇੜਲੇ ਸਾਥੀ ਦੀ ਕਾਰ ਨਹਿਰ ਵਿੱਚ ਡਿੱਗਣ ਨਾਲ ਮੌਤ

ਰੂਪਨਗਰ, 8 ਮਈ (ਪੋਸਟ ਬਿਊਰੋ)- ਜ਼ਿਲ੍ਹਾ ਮੋਹਾਲੀ ਦੀ ਜ਼ਿਲ੍ਹਾ ਪ੍ਰੀਸ਼ਦ ਚੇਅਰਪਰਸਨ ਜਸਵਿੰਦਰ ਕੌਰ ਦੇ ਪਤੀ ਅਤੇ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਖਾਸ ਗੁਰਧਿਆਨ ਸਿੰਘ ਦੁਰਾਲੀ ਦੀ ਇੰਡੈਵਰ ਕਾਰ ਪਿੰਡ ਭਿਉਰ ਨੇੜੇ ਭਾਖੜਾ ਨਹਿਰ ਵਿੱਚ ਭੇਤਭਰੇ ਢੰਗ ਨਾਲ ਡਿੱਗ ਗਈਤੇ ਕਾਰ ਬਾਹਰ ਕੱਢਣ ਤਕ ਉਸ ਦੀ ਮੌਤ ਹੋ ਗਈ। ਇਸ ਘਟਨਾ ਦੀ ਮੌਕੇ ਉੱਤੇ ਮੌਜੂਦ ਗੋਤਾਖੋਰਾਂ ਨੇ ਵੀਡੀਓ ਬਣਾਈ। ਗੋਤਾਖੋਰ ਨੇ ਦੱਸਿਆ ਕਿ ਕਾਰ ਨੂੰ ਡੁੱਬਣ ਤੋਂ ਪਹਿਲਾਂ ਕਾਰ ਵਿੱਚ ਮੌਜੂਦ ਵਿਅਕਤੀ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਸੀ, ਪਰ ਨਾ ਉਸ ਨੇ ਲਾਕ ਖੋਲ੍ਹਿਆ ਅਤੇ ਨਾ ਸ਼ੀਸ਼ੇ ਖੋਲ੍ਹੇ, ਆਰਾਮ ਨਾਲ ਗੱਡੀ ਵਿੱਚ ਬੈਠਾ ਰਿਹਾ। ਦੇਖਦੇ ਦੇਖਦੇ ਗੱਡੀ ਡੁੱਬ ਗਈ। ਦੋ ਘੰਟੇ ਦੀ ਮੁਸ਼ੱਕਤ ਨਾਲ ਕਾਰ ਬਾਹਰ ਕੱਢੀ, ਜਿਸ ਵਿੱਚ ਸਵਾਰ ਮ੍ਰਿਤਕ ਦੀ ਪਛਾਣ ਗੁਰਧਿਆਨ ਸਿੰਘ ਵਜੋਂ ਹੋਈ, ਜੋ ਪ੍ਰਾਪਰਟੀ ਦਾ ਕੰਮ ਕਰਦਾ ਸੀ ਤੇ ਜਗਤ ਪੰਜਾਬ ਰਸੋਈ ਵੀ ਚਲਾਉਂਦਾ ਸੀ। ਉਸ ਦੀ ਗੱਡੀ ਵਿੱਚੋਂ ਬਲਬੀਰ ਸਿੰਘ ਸਿੱਧੂ ਦੇ ਨਾਲ ਕਾਂਗਰਸ ਦੇ ਚੋਣ ਨਿਸ਼ਾਨ ਵਾਲਾ ਪੋਸਟਰ ਅਤੇ ਝੰਡੇ ਨਿਕਲੇ ਹਨ।

## ਸਕਾਟਲੈਂਡ-ਸਕਾਟਿਸ਼ ਕੌਂਸਲ ਚੋਣਾਂ ਵਿੱਚ ਐਸ ਐਨ ਪੀ ਮੂਹਰੇ ਰਹੀ

ਗਲਾਸਗੋ, 8 ਮਈ (ਪੋਸਟ ਬਿਊਰੋ)- ਸਕਾਟਲੈਂਡ ਵਿੱਚ ਹੋਈਆਂ ਕੌਂਸਲ ਚੋਣਾਂ ਵਿੱਚ ਐਸ ਐਨ ਪੀ ਭਾਰੀ ਬਹੁਮਤ ਪ੍ਰਾਪਤ ਕਰ ਕੇ ਪਹਿਲੇ ਸਥਾਨ ਉੱਤੇ ਰਹੀ ਹੈ। ਸਕਾਟਿਸ਼ ਨੈਸ਼ਨਲ ਪਾਰਟੀ (ਐਸ ਐਨ ਪੀ) ਕੌਂਸਲ ਚੋਣਾਂ ਵਿੱਚ ਫਿਰ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ, ਜਦ ਕਿ ਸਕਾਟਿਸ਼ ਕੰਜ਼ਰਵੇਟਿਵ ਨੂੰ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ ਹੈ ਅਤੇ ਲੇਬਰ ਦੂਜੇ ਸਥਾਨ ਉੱਤੇ ਰਹੀ ਹੈ। ਇਹ ਪ੍ਰਧਾਨ ਮੰਤਰੀ ਲਈ ਇੱਕ ਚੇਤਾਵਨੀ ਹੋ ਸਕਦੀ ਹੈ। ਸਕਾਟਲੈਂਡ ਦੀਆਂ ਸਾਰੀਆਂ 22 ਲੋਕਲ ਅਥਾਰਟੀਜ਼ਲਈ ਨਤੀਜੇ ਐਲਾਨ ਹੋਣ ਪਿੱਛੋਂ ਐਸ ਐਨ ਪੀ ਨੇ 453 ਸੀਟਾਂ ਜਿੱਤੀਆਂ, ਲੇਬਰ ਨੂੰ 282 ਅਤੇ ਟੋਰੀਜ਼ ਨੂੰ 214 ਸੀਟਾਂ ਮਿਲੀਆਂ। ਲੇਬਰ ਨਾਲ ਫਸਵੀਂ ਲੜਾਈ ਪਿੱਛੋਂ ਗਲਾਸਗੋ ਸਿਟੀ ਕੌਂਸਲ ਲਈ ਚੋਣਾਂ ਵਿੱਚ ਐਨ ਪੀ ਨੂੰ ਸਭ ਤੋਂ ਵੱਡੀ ਪਾਰਟੀ ਐਲਾਨ ਕੀਤਾ ਗਿਆ। ਇਸ ਨਾਲ ਨਿਕੋਲਾ ਸਟਰਜਨ ਦੀ ਪਾਰਟੀ ਨੇ ਡੰਡੀ ਵਿੱਚ ਵੀ ਬਹੁਮਤ ਹਾਸਲ ਕੀਤਾ। ਲੇਬਰ ਨੇ ਵੈਸਟ ਡਨਬਰਟਨਸ਼ਾਇਰ ਉੱਤੇ ਕਬਜ਼ਾ ਕੀਤਾ ਹੈ।ਇਸ ਮੌਕੇ ਸਟਰਜਨ ਨੇ ਪਾਰਟੀ ਦੀ ਜਿੱਤ ਲਈ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ 15 ਸਾਲਾਂ ਦੀ ਸਰਕਾਰ ਰਹਿਣ ਤੋਂ ਬਾਅਦ, ਅਸੀਂ ਨਾ ਸਿਰਫ ਇਹ ਭਾਰੀ ਜਿੱਤ ਪ੍ਰਾਪਤ ਕੀਤੀ ਹੈ, ਬਲਕਿ ਆਪਣੀ ਵੋਟ ਦਾ ਹਿੱਸਾ ਵੀ ਵਧਾਇਆ ਹੈ।

## ਟਵਿੱਟਰ, ਫੇਸਬੁਕ ਤੋਂ ਇੱਕ ਹਫਤੇ ਦੀ ਦੂਰੀ, ਸਿਹਤ ਲਈ ਜ਼ਰੂਰੀ

ਲੰਡਨ, 8 ਮਈ (ਪੋਸਟ ਬਿਊਰੋ)- ਟਵਿੱਟਰ, ਫੇਸਬੁੱਕ ਤੇ ਇੰਸਟਾਗ੍ਰਾਮ ਵਰਗੇ ਸੋਸ਼ਲ ਮੀਡੀਆ ਸਾਈਟ ਤੋਂ ਘੱਟੋ ਘੱਟ ਇੱਕ ਹਫਤੇ ਦੀ ਦੂਰੀ ਤਣਾਅ, ਡਿਪਰੈਸ਼ਨ, ਚਿੰਤਾ ਆਦਿ ਦੂਰ ਕਰਨ ਵਿੱਚ ਸਹਾਇਕ ਸਾਬਤ ਹੁੰਦੀ ਹੈ। ਸਾਈਬਰ ਸਾਈਕੋਲਾਜੀ, ਬਿਹੇਵੀਅਰ ਐਂਡ ਸੋਸ਼ਲ ਨੈਟਵਰਕਿੰਗ ਜਰਨਲ ਦੀ ਖੋਜ ਮੁਤਾਬਕ ਸੋਸ਼ਲ ਮੀਡੀਆ ਤੋਂ ਸਿਰਫ ਇੱਕ ਹਫਤੇ ਦੀ ਦੂਰੀ ਸਿਹਤ ਲਈ ਬਿਹਤਰ ਸਾਬਤ ਹੁੰਦੀ ਹੈ ਅਤੇ ਇਸ ਨਾਲ ਤਣਾਅ ਅਤੇ ਚਿੰਤਾ ਦੇ ਲੱਛਣਾ ਵਿੱਚ ਕਮੀ ਆਉਂਦੀ ਹੈ। ਬਾਥ ਯੂਨੀਵਰਸਿਟੀ ਦੇ ਪ੍ਰਮੁੱਖ ਖੋਜਕਰਤਾ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਸੋਸ਼ਲ ਮੀਡੀਆ ਦੀ ਬਹੁਤ ਵਰਤੋਂ ਹੁੰਦੀ ਹੈ। ਇਸੇ ਕਾਰਨ ਮਾਨਸਿਕ ਸਿਹਤ ਉੱਤੇ ਇਸ ਦੇ ਪ੍ਰਭਾਵ ਬਾਰੇ ਚਿੰਤਾ ਵਧੀ ਹੈ। ਇਸ ਖੋਜ ਤੋਂ ਅਸੀਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਕੀ ਸਿਰਫ ਇੱਕ ਹਫਤੇ ਤਕ ਸੋਸ਼ਲ ਮੀਡੀਆ ਦਾ ਇਸਤੇਮਾਲ ਨਾ ਕਰਨ ਨਾਲ ਮਾਨਸਿਕ ਸਿਹਤ ਬਿਹਤਰ ਹੁੰਦੀ ਹੈ।''ਉਨ੍ਹਾਂ ਨੇਖੋਜ ਵਿੱਚ ਪਤਾ ਲਗਾਇਆ ਕਿ ਕਈ ਮੁਕਾਬਲਿਆਂ ਵਿੱਚ ਸਿਰਫ ਇੱਕ ਹਫਤੇ ਤਕ ਸੋਸ਼ਲ ਮੀਡੀਆ ਨਾ ਇਸਤੇਮਾਲ ਕਰਨ ਉੱਤੇ ਆਪਣੇ ਮੂਡ ਨੂੰ ਬਿਹਤਰ ਪਾਇਆ ਅਤੇ ਉਨ੍ਹਾਂ ਵਿੱਚ ਚਿੰਤਾ ਦੇ ਲੱਛਣ ਵੀ ਨਹੀਂ ਦਿਸੇ। ਇਸ ਤੋਂ ਪਤਾ ਲੱਗਦਾ ਹੈ ਕਿ ਸੋਸ਼ਲ ਮੀਡੀਆ ਤੋਂ ਇੱਕ ਛੋਟਾ ਜਿਹਾ ਬ੍ਰੇਕ ਵੀ ਸਿਹਤ ਦੇ ਲਈ ਸਕਾਰਾਤਮਕ ਹੋ ਸਕਦਾ ਹੈ।

## ਪੂਜਾ ਸਿੰਘਲ ਕੇਸ ਵਿਚ 20 ਤੋਂ ਵੱਧ ਨਕਲੀ ਕੰਪਨੀਆਂ ’ਚ ਬਲੈਕ ਮਨੀ ਦੀ ਖੇਡ ਜਾਰੀ

* ਚਾਰਟਰਡ ਅਕਾਊਂਟੈਂਟ ਸੁਮਨ ਸਿੰਘ ਗ੍ਰਿਫਤਾਰ



ਰਾਂਚੀ, 8 ਮਈ (ਪੋਸਟ ਬਿਊਰੋ)- ਝਾਰਖੰਡ ਦੀ ਮਾਈਨਿੰਗ ਅਤੇ ਉਦਯੋਗ ਵਿਭਾਗ ਦੀ ਸੈਕਟਰੀ ਪੂਜਾ ਸਿੰਘਲ ਤੇ ਉਸ ਦੇ ਸਹਿਯੋਗੀਆਂ ਦੇ ਟਿਕਾਣਿਆਂ ਉੱਤੇ ਛਾਪੇ ਵਿੱਚ ਈ ਡੀ ਨੂੰ ਜਾਣਕਾਰੀ ਮਿਲੀ ਹੈ ਕਿ ਸੀ ਏ ਸੁਮਨ ਸਿੰਘ ਸਮੇਤ ਸਿੰਘਲ ਦੇ ਤਮਾਮ ਕਰੀਬੀਆਂ ਨੇ ਕਾਗਜ਼ਾਂ ਉੱਤੇ ਚੱਲਦੀਆਂ ਵੀਹ ਤੋਂ ਵੱਧ ਨਕਲੀ ਕੰਪਨੀਆਂ ਨਾਲ ਮਨੀ ਲਾਂਡਰਿੰਗ ਕੀਤੀ ਹੈ। ਈ ਡੀ ਇਸ ਦੀ ਤਹਿ ਤਕ ਜਾਣਾ ਚਾਹੁੰਦੀ ਹੈ। ਛਾਪੇ ਵਿੱਚ ਜਾਂਚ ਏਜੰਸੀ ਨੂੰ ਸੰਕੇਤ ਮਿਲੇ ਕਿ ਮਾਈਨਿੰਗ ਸੈਕਟਰੀ ਪੂਜਾ ਨੇ ਜ਼ਿਲ੍ਹਿਆਂ ਵਿੱਚ ਸਬ ਇੰਸਪੈਕਟਰ ਹੁੰਦਿਆਂ ਕਈ ਅਣਗਹਿਲੀਆਂ ਕੀਤੀਆਂ।

ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸੀ ਬੀ ਆਈ ਹੈਡਕੁਆਰਟਰ ਤੋਂ ਇਸ ਬਾਰੇ ਪੱਤਰ-ਵਿਹਾਰ ਨਾਲ ਪੂਰੇ ਕੇਸ ਦੀ ਜਾਂਚ ਦੀ ਸਿਫਾਰਸ਼ ਕੀਤੀ ਹੈ ਅਤੇ ਲਿਖਿਆ ਹੈ ਕਿ ਪੂਰੇ ਕੇਸ ਦੀ ਜਾਂਚ ਸੀ ਬੀ ਆਈ ਦੀ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਕਰੇਗੀ। ਦੂਸਰੇ ਪਾਸੇ ਪੂਜਾ ਸਿੰਘਲ ਦੇ ਚਾਰਟਰਡ ਅਕਾਊਂਟੈਂਟ ਸੁਮਨ ਕੁਮਾਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਈ ਡੀ ਦੇ ਵਿਸ਼ੇਸ਼ ਜੱਜ ਪੀ ਕੇ ਸ਼ਰਮਾ ਦੀ ਅਦਾਲਤ ਨੇ ਈ ਡੀ ਦੀ ਅਰਜ਼ੀ ਉੱਤੇ ਪੁੱਛਗਿੱਛ ਲਈ ਸੀ ਏ ਨੂੰ ਪੰਜ ਦਿਨਾਂ ਦੇ ਰਿਮਾਂਡ ਉੱਤੇ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਸ਼ੁੱਕਰਵਾਰ ਨੂੰ ਸੀ ਏ ਕੋਲੋਂ 19.31 ਕਰੋੜ ਰੁਪਏ ਨਕਦ ਮਿਲੇ ਸਨ। ਉਸ ਤੋਂ ਪੁੱਛਗਿੱਛ ਵਿੱਚ ਕਈ ਭੇਤ ਖੁੱਲ੍ਹਣ ਦੀ ਉਮੀਦ ਹੈ। ਕੱਲ੍ਹ ਈ ਡੀ ਨੇ ਰਾਂਚੀ ਦੇ ਬਰਿਆਤੂ ਥਾਣਾ ਖੇਤਰ ਵਿੱਚ ਪਲਸ ਹਸਪਤਾਲ ਵਿੱਚ ਛਾਪੇਮਾਰੀ ਕੀਤੀ, ਜਿੱਥੋਂ ਈ ਡੀ ਦੇ ਅਧਿਕਾਰੀ ਕਈ ਦਸਤਾਵੇਜ਼ ਆਪਣੇ ਨਾਲ ਲੈ ਗਏ। ਇਹ ਦਸਤਾਵੇਜ਼ ਜਾਇਦਾਦ ਅਤੇ ਨਿਵੇਸ਼ ਨਾਲ ਸਬੰਧਤ ਦੱਸੇ ਗਏ ਹਨ। ਇਸ ਦੇ ਨਾਲ ਪੂਜਾ ਸਿੰਘਲ ਦੇ ਟਿਕਾਣਿਆਂ ਉੱਤੇ ਈ ਡੀ ਵੱਲੋਂ ਦੋ ਦਿਨਾਂ ਤੋਂ ਚੱਲਦੀ ਛਾਪੇਮਾਰੀ ਖਤਮ ਹੋ ਗਈ। ਪੂਜਾ ਸਿੰਘਲ ਦੇ ਪੰਜ ਰਾਜਾਂ ਵਿੱਚ ਫੈਲੇ 25 ਟਿਕਾਣਿਆਂ ਦੀ ਸੂਚਨਾ ਮਿਲੀ ਹੈ।

# ਸਭ ਤੋਂ ਅਮੀਰ ਦੇਸ਼ ਅਮਰੀਕਾ ਵਿੱਚ ਗਰੀਬੀ ਦਾ ਸੰਕਟ ਵਧ ਰਿਹੈ

*5 ਸਾਲਾਂ ਵਿੱਚ ਬੇਘਰੇ ਲੋਕਾਂ ਦੀ ਮੌਤ ਦਾ ਅੰਕੜਾ 200 ਫੀਸਦੀ ਵਧਿਆ




ਅਮਰੀਕਾ, 8 ਮਈ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੌਰਾਨ ਅਮਰੀਕਾ ਦੇ ਲਾਸ ਏਂਜਲਸ ਕਾਉਂਟੀ ਵਿੱਚ ਪਿਛਲੇ ਸਾਲ ਰੋਜ਼ ਔਸਤਨ ਪੰਜ ਬੇਘਰ ਲੋਕਾਂ ਦੀ ਮੌਤ ਹੋਈ ਹੈ। ਬੇਘਰ ਲੋਕਾਂ ਉੱਤੇ ਕੀਤੀ ਇੱਕ ਸਟੱਡੀ ਦੀ ਰਿਪੋਰਟ ਅਨੁਸਾਰ ਮੌਤ ਦੇ ਅਜਿਹੇ ਅੰਕੜੇ ਕਿਸੇ ਜੰਗ ਦੇ ਸਮੇਂ ਵੀ ਨਹੀਂ ਆਉਂਦੇ।

ਲਾਸ ਏਂਜਲਸ ਕਾਉਂਟੀ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ 287 ਬੇਘਰ ਲੋਕਾਂ ਨੇ ਫੁੱਟਪਾਥ ਉੱਤੇ ਆਪਣਾ ਆਖਰੀ ਸਾਹ ਲਿਆ। 24 ਨੇ ਗਲੀਆਂ ਵਿੱਚ ਅਤੇ 72 ਲੋਕ ਸੜਕ ਕਿਨਾਰੇ ਮ੍ਰਿਤਕ ਪਾਏ ਗਏ। ਅਮਰੀਕੀ ਸ਼ਹਿਰਾਂ ਵਿੱਚ ਬੇਘਰ ਲੋਕਾਂ ਦੀ ਮੌਤ ਇੱਕ ਮਹਾਮਾਰੀ ਬਣਦੀ ਜਾਂਦੀ ਹੈ। ਇਨ੍ਹਾਂ ਲੋਕਾਂ ਵਿੱਚ ਪੰਜਾਹ ਤੋਂ ਸੱਠ ਸਾਲ ਦੇ ਲੋਕਾਂ ਦੀ ਗਿਣਤੀ ਵੱਧ ਹੈ। ਕੋਰੋਨਾ ਮਹਾਮਾਰੀ ਸਮੇਂ ਵੀ ਘਰਾਂ ਦੀਆਂ ਕੀਮਤਾਂ ਵੱਧਣ ਕਾਰਨ ਬੇਘਰੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਪ੍ਰਸ਼ਾਸਨ ਨੇ ਇਸ ਦੀ ਸਮੱਸਿਆ ਉੱਤੇ ਧਿਆਨ ਨਹੀਂ ਦਿੱਤਾ। ਆਸਟਿਨ, ਡੈਨਵਰ, ਨੈਸ਼ਵਿਲੇ, ਸਾਲਟ ਲੇਕ ਸਿਟੀ, ਸਾਨ ਫਰਾਂਸਿਸਕੋ ਵਰਗੇ ਸ਼ਹਿਰਾਂ ਵਿੱਚ ਬੇਘਰੇ ਲੋਕਾਂ ਦੀ ਮੌਤ ਦਾ ਅੰਕੜਾ ਤੇਜ਼ੀ ਨਾਲ ਵਧਿਆ ਹੈ।

ਪਤਾ ਲੱਗਾ ਹੈ ਕਿ ਲਾਸ ਏਂਜਲਸ ਕਾਉਂਟੀ ਵਿੱਚ 2015 ਤੋਂ 2020 ਤਕ ਬੇਘਰੇ ਲੋਕਾਂ ਦੀ ਮੌਤ ਦਰ ਵਿੱਚ 200 ਫੀਸਦੀ ਵਾਧਾ ਹੋਇਆ। ਇਸ ਦਾ ਮੁੱਖ ਕਾਰਨ ਫੈਂਟਨੀਲ ਡਰੱਗ ਦੱਸਿਆ ਜਾਂਦਾ ਹੈ। ਸ਼ਰਾਬ, ਭਿਆਨਕ ਢੰਗ ਤੇ ਦਿਲ ਦੇ ਰੋਗ ਵੀ ਮੌਤ ਦਰ ਵਿੱਚ ਵਾਧੇ ਦਾ ਕਾਰਨ ਹੋ ਸਕਦੇ ਹਨ। ਲਾਸ ਏਂਜਲਸ ਕਾਉਂਟੀ ਵਿੱਚ ਇਨ੍ਹਾਂ ਦੀ ਆਬਾਦੀ ਵੀ ਪੰਜਾਹ ਫੀਸਦੀ ਵਧੀ ਹੈ। ਬੇਘਰੇ ਲੋਕਾਂ ਦੀ ਆਬਾਦੀ ਵਿੱਚ ਬਹੁਤੇ ਲੋਕ ਪੰਜਾਹ ਸਾਲ ਤੋਂ ਉਪਰ ਦੀ ਉਮਰ ਦੇ ਹਨ। ਦੂਜੇ ਪਾਸੇ ਕੈਲੀਫੋਰਨੀਆ ਸੂਬੇ ਦੀ ਸਰਕਾਰ ਨੇ ਪਿਛਲੇ ਸਾਲ 92,160 ਕਰੋੜ ਰੁਪਏ ਬੇਘਰੇ ਲੋਕਾਂ ਦੇ ਵਿਕਾਸ ਉੱਤੇ ਖਰਚ ਕੀਤੇ। ਲਾਸ ਏਂਜਲਸ ਕਾਉਂਟੀ ਨੇ 2017 ਵਿੱਚ ਅਜੇ ਤਕ 78,000 ਬੇਘਰ ਲੋਕਾਂ ਨੂੰ ਰਿਹਾਇਸ਼ ਦਿੱਤੀ ਹੈ। ਇਸ ਦੇ ਬਾਵਜੂਦ ਸਰਕਾਰ ਦਾ ਕਹਿਣਾ ਹੈ ਕਿ ਬੇਘਰੇ ਲੋਕਾਂ ਦੀ ਗਿਣਤੀ ਦਾ ਪਤਾ ਲਾਉਣਾ ਮੁਸ਼ਕਲ ਹੈ, ਕਿਉਂਕਿ ਜਿੱਥੇ ਰੋਜ਼ 207 ਬੇਘਰੇ ਲੋਕਾਂ ਨੂੰ ਘਰ ਦਿੱਤੇ ਜਾ ਰਹੇ ਹਨ, ਉਥੇ 227 ਲੋਕ ਰੋਜ਼ ਬੇਘਰ ਹੋ ਰਹੇ ਹਨ।

## ਵਿਗਿਆਨੀਆਂ ਵੱਲੋਂ ਜਾਨਲੇਵਾ ਹੀਟ-ਵੇਵ ਦੀ ਚਿਤਾਵਨੀ



ਪੈਰਿਸ, 8 ਮਈ (ਪੋਸਟ ਬਿਊਰੋ)- ਦੱਖਣੀ ਏਸ਼ੀਆਈ ਇਲਾਕਿਆਂ ਵਿੱਚ ਹੀਟਵੇਵ ਕਹਿਰ ਦਿਖਾ ਰਹੀ ਹੈ। ਜਲਵਾਯੂ ਵਿਗਿਆਨੀਆਂ ਦਾ ਕਹਿਣਾ ਹੈ ਕਿ ਬੀਤੇ ਦੋ ਮਹੀਨਿਆਂ ਵਿੱਚ ਭਾਰਤ ਅਤੇ ਪਾਕਿਸਤਾਨ ਵਿੱਚ ਵਿਨਾਸ਼ਕਾਰੀ ਗਰਮੀ ਦੇਖਣ ਨੂੰ ਮਿਲੀ ਹੈ।ਹੀਟਵੇਵ ਦੇ ਕਾਰਨ ਹਜ਼ਾਰਾਂ ਲੋਕਾਂ ਦੀ ਜਾਨ ਜਾ ਸਕਦੀ ਹੈ।

ਇਨ੍ਹਾਂ ਵਿਗਿਆਨੀਆਂ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਜੇ ਜਲਵਾਯੂ ਪਰਿਵਰਤਨ ਨੂੰ ਨਾ ਰੋਕਿਆ ਗਿਆ ਤਾਂ ਇਸ ਤੋਂ ਵੀ ਮਾੜੇ ਹਾਲਾਤ ਪੈਦਾ ਹੋ ਸਕਦੇ ਹਨ। ਮਾਰਚ ਤੇ ਅਪ੍ਰੈਲ ਵਿੱਚ ਭਾਰਤ ਅਤੇ ਪਾਕਿ-ਸਤਾਨ ਦੇ ਬਹੁਤੇ ਹਿੱਸਿਆਂ ਵਿੱਚ ਭਿਆਨਕ ਗਰਮੀ ਦੇਖਣ ਨੂੰ ਮਿਲੀ ਹੈ। 100 ਕਰੋੜ ਤੋਂ ਜ਼ਿਆਦਾ ਲੋਕ ਇਸ ਸਮੇਂ ਚਾਲੀ ਡਿਗਰੀ ਸੈਲਸੀਅਸ ਦੇ ਝੁਲਸਾਉਣ ਵਾਲੇ ਤਾਪਮਾਨ ਵਿੱਚ ਰਹਿ ਰਹੇ ਹਨ, ਜਦ ਕਿ ਅਜੇ ਸਾਲ ਦੇ ਸਭ ਤੋਂ ਗਰਮ ਦਿਨ ਆਉਣੇ ਹਨ।ਜਲਵਾਯੂ ਵਿ-ਗਆਨ ਖੋਜ ਕਰਨ ਵਾਲੀ ਇੱਕ ਗੈਰ ਲਾਭਕਾਰੀ ਸੰਸਥਾ ਬਰਕਲੇ ਅਰਥ ਦੇ ਪ੍ਰਮੁੱਖ ਵਿਗਿਆਨੀ ਨੇ ਟਵੀਟ ਕਰ ਕੇ ਚਿਤਾਵਨੀ ਦਿੱਤੀ ਹੈ ਕਿ ਇਹ ਹੀਟਵੇਵ ਜਾਨਲੇਵਾ ਸਾਬਤ ਹੋ ਸਕਦੀ ਹੈ ਅਤੇ ਇਸ ਨਾਲ ਹਜ਼ਾਰਾਂ ਲੋਕਾਂ ਦੀ ਜਾਨ ਵੀ ਜਾ ਸਕਦੀ ਹੈ। ਇਸ ਵਿੱਚ ਸਭ ਤੋਂ ਜ਼ਿਆਦਾ ਬਜ਼ੁਰਗ ਪ੍ਰਭਾਵਤ ਹੋਣਗੇ।

## ਰਾਜ ਠਾਕਰੇ ਨੇ ਪੁਲਸ ਕਮਿਸ਼ਨਰ ਨੂੰ ਚਿੱਠੀ ਲਿਖ ਕੇ ਮਸਜਿਦਾਂ ਉੱਤੋਂ ਸਪੀਕਰ ਹਟਾਉਣ ਨੂੰ ਕਿਹਾ



ਪੁਣੇ, 8 ਮਈ (ਪੋਸਟ ਬਿਊਰੋ)- ਰਾਜ ਠਾਕਰੇ ਦੀ ਮਹਾਰਾਸ਼ਟਰ ਨਵਨਿਰਮਾਣ ਸੈਨਾ (ਐਮ ਐਨ ਐਸ) ਨੇ ਮਹਾਰਾਸ਼ਟਰ ਪੁਲਸ ਨੂੰ ਮਸਜਿਦਾਂ ਤੋਂ ਲਾਊਡ ਸਪੀਕਰ ਹਟਾਉਣ ਦੀ ਧਮਕੀ ਦਿੱਤੀ ਹੈ। ਇਸ ਪਾਰਟੀ ਨੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੰਦੇ ਹੋਏ ਪੁਣੇ ਪੁਲਸ ਦੇ ਕਮਿਸ਼ਨਰ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਮਸਜਿਦਾਂ ਤੋਂ ਲਾਊਡ ਸਪੀਕਰ ਉਤਾਰ ਕੇ ਸੜਕਾਂ ਉੱਤੇ ਰੱਖੋ। ਮੌਲਾਨਾ ਤੋਂ ਸਹਿਮਤੀ ਪੱਤਰ ਲਓ, ਨਹੀਂ ਤਾਂ ਉਨ੍ਹਾਂ ਦੀ ਪਾਰਟੀ ਥਾਣਿਆਂ ਦੇ ਸਾਹਮਣੇ ਹਨੂਮਾਨ ਚਾਲੀਸਾ ਕਰਵਾ ਕੇ ਆਪਣਾ ਵਿਰੋਧ ਦਰਜ ਕਰਵਾਏਗੀ।

ਐਮ ਐਨ ਐਸਵੱਲੋਂ ਜਾਰੀ ਚਿੱਠੀ ਵਿੱਚ ਕਿਹਾ ਗਿਆ ਹੈ ਕਿ ਲਾਊਡ ਸਪੀਕਰ ਇੱਕ ਮੁੱਦਾ ਹੈ, ਅਸੀਂ ਧਾਰਮਿਕ ਦਰਾੜ ਪੈਦਾ ਨਹੀਂ ਕਰਨਾ ਚਾਹੁੰਦੇ, ਪਰ ਅਸੀਂ ਆਪਣੇ ਫੈਸਲੇ ਉੱਤੇ ਕਾਇਮ ਹਾਂ। ਪੂਰੇ ਪੁਣੇ ਸ਼ਹਿਰ ਦੀਆਂ ਲਗਭਗ ਸਭ ਮਸਜਿਦਾਂ ਵਿੱਚ ਲਾਊਡ ਸਪੀਕਰ ਲੱਗੇ ਹਨ, ਜੋ ਅਣਅਧਿਕਾਰਤ ਹਨ। ਲਾਊਡ ਸਪੀਕਰਾਂ ਨੂੰ ਪੱਕੇ ਤੌਰ ਉੱਤੇ ਹਟਾ ਦਿੱਤਾ ਜਾਵੇ ਜਾਂ ਬੰਦ ਕਰ ਦਿੱਤਾ ਜਾਵੇ ਤਾਂ ਜੋ ਆਸਪਾਸ ਰਹਿੰਦੇ ਨਾਗਰਿਕ ਇਸ ਤੋਂ ਨਿਕਲਣ ਵਾਲੀ ਉਚੀ ਆਵਾਜ਼ ਤੋਂ ਪ੍ਰੇਸ਼ਾਨ ਨਾ ਹੋਣ। ਅਸੀਂ ਸਿਰਫ ਇਹ ਕਹਿਣਾ ਚਾਹੁੰਦੇ ਹਾਂ ਕਿ ਅਜਿਹਾ ਲਾਊਡ ਸਪੀਕਰਾਂ ਰਾਹੀਂ ਨਹੀਂ ਹੋਣਾ ਚਾਹੀਦਾ। ਸਾਨੂੰ ਇਨ੍ਹਾਂ ਸਾਰੀਆਂ ਮਸਜਿਦਾਂ ਦੇ ਮੌਲਵੀਆਂ ਨਾਲ ਗੱਲ ਕਰ ਕੇ ਪੁਲਸ ਨੂੰ ਲਿਖਤੀ ਰਿਪੋਰਟ ਦੇਣੀ ਚਾਹੀਦੀ ਹੈ। ਪੁਲਸ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਨਾਲ ਅਮਨ ਕਾਨੂੰਨ ਭੰਗ ਨਾ ਹੋਵੇ।

## ਐਂਟਾਰਕਟਿਕਾ ਵਿੱਚ ਬਰਫ ਦੀ ਚਾਦਰ ਹੇਠਾਂ ਖਾਰੇ ਜ਼ਮੀਨੀ ਪਾਣੀ ਦਾ ਸਿਸਟਮ ਮਿਲਿਆ



ਕੋਲੋਰਾਡੋ, 8 ਮਈ (ਪੋਸਟ ਬਿਊਰੋ)- ਐਂਟਾਰਕਟਿਕਾ ਦੀ ਬਰਫ ਦੀਆਂ ਨਦੀਆਂ ਵਿੱਚੋਂ ਇੱਕ ਦੇ ਹੇਠਾਂ ਹੋਈ ਨਵੀਂ ਖੋਜ ਬਰਫ ਦੇ ਵਹਿਣ ਅਤੇ ਸਮੁੰਦਰ ਦੇ ਪੱਧਰ ਵਿੱਚ ਵਾਧੇ ਦਾ ਅਨੁਮਾਨ ਲਾਉਣ ਸਬੰਧੀ ਵਿਗਿਆਨੀਆਂ ਦੀ ਸਮਝ ਨੂੰ ਬਦਲ ਸਕਦੀ ਹੈ। ਇਹ ਆਪਣੀ ਕਿਸਮ ਦੀ ਨਵੀਂ ਖੋਜ ਹੋ ਸਕਦੀ ਹੈ।

ਕੋਲੋਰਾਡੋ ਸਕੂਲ ਆਫ ਮਾਇੰਸ ਅਤੇ ਇੰਸਟੀਚਿਊਸ਼ਨ ਆਫ ਓਸ਼ਨੋਗ੍ਰਾਫੀ ਦੇ ਗਲੇਸ਼ੀਅਰਵਿਗਿਅਨੀਆਂ ਨੇ ਅੱਧਾ ਮੀਲ ਬਰਫ ਦੇ ਹੇਠਾਂ ਡਾਟਾ ਇਕੱਠਾ ਕਰਨ ਲਈ ਐਂਟਾਰਕਟਿਕਾ ਹਿਮ ਧਾਰਾ ਵਿੱਚ ਇੱਕ ਤੰਬੂ ਵਿੱਚ 61 ਦਿਨ ਬਿਤਾਏ ਹਨ। ਉਨ੍ਹਾਂ ਦੀ ਖੋਜ ’ਚ ਵੱਡੀ ਉਪਲਬਧੀ ਕੀ ਸੀ? ਸਭ ਤੋਂ ਪਹਿਲਾਂ ਇਹ ਇਸ ਗੱਲ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਕਿ ਇਹ ਬਰਫ ਦੀ ਚਾਦਰ ਹੋਣ ਤੋਂ ਪਹਿਲਾਂ ਪੱਛਮੀ ਐਂਟਾਰਕਟਿਕਾ ਇੱਕ ਮਹਾਸ-ਾਗਰ ਸੀ, ਜੋਅੱਜ ਗਾਇਬ ਹੈਤੇ ਇਹ ਟਾਪੂਆਂ ਦੇ ਝੁੰਡ ਨਾਲ ਮਹਾਸਾਗਰ ਵਿੱਚ ਹੋ ਸਕਦਾ ਹੈ। ਅਸੀਂ ਜਾਣਦੇ ਹਾਂ ਕਿ ਬਰਫ ਦੀ ਚਾਦਰ ਦੇ ਹੇਠਾਂ ਆਧਾਰਸ਼ਿਲਾ ਤਲਛਟ ਦੀ ਇੱਕ ਮੋਟੀ ਪਰਤ ਹੈ, ਉਹ ਕਣ ਜੋ ਸਮੁੰਦਰ ਦੇ ਤਲ ਉੱਤੇ ਜਮ੍ਹਾ ਹੁੰਦੇ ਹਨ। ਅਸੀਂ ਨਹੀਂ ਜਾਣਦੇ ਕਿ ਬਰਫ ਦੇ ਹੇਠਾਂ ਉਨ੍ਹਾਂ ਦੀ ਤਹਿ ਵਿੱਚ ਛੋਟੇ-ਛੋਟੇ ਛੇਕਾਂ ਵਿੱਚ ਕੀ ਸੀ। ਬਰਫ ਉਤੇਧਾਰਾ ਨਾਲ ਆਉਂਦਾ ਪਿਘਲਿਆ ਹੋਇਆ ਪਾਣੀ ਮਿਲਣ ਦੀ ਆਸ ਸੀ, ਜੋ ਬਰਫ ਦਾ ਇੱਕ ਤੇਜ਼ ਰਫਤਾਰ ਵਾਲਾ ਚੈਨਲ ਹੈ ਤੇ ਇਹ ਬਰਫੀਲੀ ਚਾਦਰ ਦੇ ਕੇਂਦਰ ਤੋਂ ਸਮੁੰਦਰ ਵੱਲ ਵਗਦਾ ਹੈ। ਅਸੀਂ ਉਮੀਦ ਨਹੀਂ ਕੀਤੀ ਸੀ, ਪਰੰਤੂ ਤਲਛਟ ਦੀ ਇਸ ਮੋਟੀ ਪਰਤ ਵਿੱਚ ਸਾਨੂੰ ਸਮੁੰਦਰ ਦੇ ਖਾਰੇ ਪਾਣੀ ਸਮੇਤ ਭਾਰੀ ਮਾਤਰਾ ਵਿੱਚ ਜ਼ਮੀਨੀ ਪਾਣੀ ਮਿਲਿਆ।

# ਵਰਦੀ ਵਾਲੀਆਂ 7 ਧੀਆਂ ਪਿਤਾ ਦੀ ਬਰਾਤ ਲੈ ਕੇ ਨਿਕਲੀਆਂ

* 42 ਸਾਲ ਪਹਿਲਾਂ ਰਾਜ ਕੁਮਾਰ ਸਿੰਘ ਦਾ ਵਿਆਹ ਹੋਇਆ ਸੀ,ਪਰ......



ਏਕਮਾ (ਸਾਰਣ), 8 ਮਈ (ਪੋਸਟ ਬਿਊਰੋ)- ਰੱਥ ਉੱਤੇ ਸਵਾਰ ਲਾੜਾ ਬਣੇ 70 ਸਾਲਾ ਰਾਜ ਕੁਮਾਰ ਸਿੰਘ ਤੇ ਪਿੱਛੇ-ਪਿੱਛੇ ਬਾਰਾਤ। ਵੀਰਵਾਰ ਦੇਰ ਰਾਤ ਇਸ ਦ੍ਰਿਸ਼ ਨੂੰ ਦੇਖਣ ਲੋਕ ਸੜਕਾਂ ਉੱਤੇ ਨਿਕਲ ਪਏ। ਇਹ ਬਰਾਤ ਵਰਦੀ ਵਾਲੀਆਂ ਉਨ੍ਹਾਂ ਸੱਤ ਭੈਣਾਂ ਨੇਸਜਾਈ, ਜਿਨ੍ਹਾਂ ਦੀ ਸਫਲਤਾ ਤੇ ਸੰਘਰਸ਼ ਦੀ ਕਹਾਣੀ ਚਰਚਾ ਵਿੱਚ ਰਹੀ ਹੈ।

ਬਾਰਾਤ ਵਿੱਚ ਹਾਥੀ, ਘੋੜਾ, ਊਠ, ਬੈਂਡ ਵਾਜਾ, ਬੱਘੀ ਅਤੇ ਸੂਟ ਬੂਟ ਵਿੱਚ ਮੁੱਛਾਂ ਉੱਤੇ ਤਾਅ ਦਿੰਦੇ ਰਾਜ ਕੁਮਾਰ ਸਿੰਘ ਸਨ। ਉਨ੍ਹਾਂ ਦੀਆਂ ਸੱਤ ਧੀਆਂ, ਇੱਕ ਪੁੱਤਰ ਅਤੇ ਪਿੰਡ ਦੇ ਲੋਕ ਬਰਾਤੀ ਸਨ। ਏਕਮਾ ਦੇ ਰਾਜ ਕੁਮਾਰ ਸਿੰਘ ਦਾ ਵਿਆਹ 42 ਸਾਲ ਪਹਿਲਾਂ ਪੰਜ ਮਈ ਨੂੰ ਹੋਇਆ ਸੀ, ਪਰ ਦੋਂਗਾ (ਮੁਕਲਾਵਾ) ਨਹੀਂ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਵਿਆਹ ਦੇ ਬਾਅਦ ਕਦੇ ਆਪਣੇ ਸਹੁਰੇ ਆਮਦਾੜ੍ਹੀ ਨਹੀਂ ਗਏ। ਆਰਥਿਕ ਤੰਗੀ ਕਾਰਨ ਦੋਂਗੇ ਦੀ ਰਸਮ ਪੂਰੀ ਨਹੀਂ ਕਰ ਸਕੇ ਸਨ। ਵਿਆਹ ਦੀ ਵਰ੍ਹੇਗੰਢ ਦਾ ਮੌਕਾ ਆਇਆ ਤਾਂ ਬੇਟੀਆਂ ਨੇ ਮਾਤਾ-ਪਿਤ ਦੇ ਅਧੂਰੇ ਅਰਮਾਨ ਨੂੰ ਪੂਰਾ ਕਰਨ ਦੀ ਯੋਜਨਾ ਬਣਾਈ। ਧੀਆਂ ਦੀ ਜ਼ਿੱਦ ਅੱਗੇ ਉਨ੍ਹਾਂ ਦੀ ਇੱਕ ਨਾ ਚੱਲੀ ਅਤੇ ਬਰਾਤ ਲੈ ਕੇ ਦੋਂਗਾ ਕਰਾਉਣ ਨਿਕਲ ਪਏ।

ਸਾਰੀਆਂ ਧੀਆਂ ਬਿਹਾਰ ਪੁਲਸ ਤੇ ਪੈਰਾ ਮਿਲਟਰੀ ਫੋਰਸਿਸ ਵਿੱਚ ਹਨ। ਰਾਜ ਕੁਮਾਰ ਮੈਟ੍ਰਿਕ ਪਾਸ ਹਨ। ਆਟਾ ਚੱਕੀ ਚਲਾ ਕੇ ਧੀਆਂ ਨੂੰ ਪੜ੍ਹਾਇਆ-ਲਿਖਾਇਆ। ਧੀਆਂ ਦੀ ਇੱਛਾ ਸੀ ਕਿ ਉਹ ਸਭ ਵਰਦੀ ਪਹਿਨਣ। ਸੱਤਾਂ ਧੀਆਂ ਦੀ ਇੱਕ-ਇੱਕ ਕਰ ਕੇ ਫੋਰਸ ਵਿੱਚ ਚੋਣ ਹੋ ਗਈ, ਪਰ ਧੀਆਂ ਪਿਤਾ ਦੇ ਅਧੂਰੇ ਰਹਿ ਗਏ, ਜਿਨ੍ਹਾਂ ਨੂੰ ਪੂਰਾ ਕਰਾਉਣ ਲਈ ਬੈਂਡ-ਵਾਜੇ ਨਾਲ ਉਹ ਆਪਣੇ ਨਾਨਕੇ ਗਈਆਂ, ਜਿੱਥੇ ਰਾਜ ਕੁਮਾਰ ਸਿੰਘ ਅਤੇ ਸ਼ਾਰਦਾ ਸਿੰਘ ਨੇ ਇੱਕ ਦੂਸਰੇ ਦੇ ਗਲੇ ਵਿੱਚ ਜੈਮਾਲਾ ਪਾਈ। ਉਨ੍ਹਾਂ ਦੋਂਗੇ ਵਿੱਚ ਸਹੁਰਿਆਂ ਵੱਲੋਂ ਸੋਨੇ ਦੀ ਅੰਗੂਠੀ ਅਤੇ ਮੋਟਰ ਸਾਈਕਲ ਵੀ ਦਿੱਤੀ ਗਈ।

## ਇਮਰਾਨ ਨੇ ਆਪਣੀ ਤੁਲਨਾ ਖੁਦ ਹੀ ਗਧੇ ਨਾਲ ਕਰ ਦਿੱਤੀ

ਇਸਲਾਮਾਬਾਦ, 8 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਇੱਕ ਵੀਡੀਓ ਇਨ੍ਹੀਂ ਦਿਨੀਂ ਖੂਬ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਇੱਕ ਇੰਟਰਵਿਊ ਦੌਰਾਨ ਆਪਣੀ ਤੁਲਨਾ ਗਧੇ ਨਾਲ ਕਰਦੇ ਦਿਖਾਈ ਦੇ ਰਹੇ ਹਨ। ਉਨ੍ਹਾਂ ਦਾ ਸੋਸ਼ਲ ਮੀਡੀਆ ਉੱਤੇ ਮੀਮ ਬਣਾ ਕੇ ਮਜ਼ਾਕ ਉਡਾਇਆ ਗਿਆ ਹੈ।

ਇਸ ਬਾਰੇ ਪਾਕਿਸਤਾਨੀ ਪੱਤਰਕਾਰ ਹਸਨ ਜ਼ੈਦੀ ਨੇ ਇਮਰਨ ਖਾਨ ਦੇ ਇੰਟਰਵਿਊ ਦਾ ਵੀਡੀਓ ਕਲਿਪ ਸ਼ੇਅਰ ਕੀਤਾ ਹੈ। ਇਸ ਵਿੱਚ ਇਮਰਾਨ ਖਾਨ ਨੇ ਕਿਹਾ ਕਿ ਉਹ ਅੰਗਰੇਜ਼ ਨਹੀਂ ਬਣ ਸਕਦੇ, ਕਿਉਂਕਿ ਗਧਾ, ਗਧਾ ਹੀ ਰਹੇਗਾ। ਪਾਕਿਸਤਾਨੀ ਪੱਤਰਕਾਰ ਵੱਲੋਂ ਸ਼ੇਅਰ ਕੀਤੇ ਵੀਡੀਓ ਵਿੱਚ ਇਮਰਾਨ ਕਹਿੰਦੇ ਨਜ਼ਰ ਆਉਂਦੇ ਹਨ, “ਮੈਂ ਇਸ (ਯੂ ਕੇ) ਨੂੰ ਆਪਣਾ ਘਰ ਕਦੇ ਨਹੀਂ ਮੰਨਿਆ, ਕਿਉਂਕਿ ਮੈਂ ਪਾਕਿਸਤਾਨੀ ਸੀ ਅਤੇ ਮੈਂ ਬ੍ਰਿਟਿਸ਼ ਨਹੀਂ ਬਣ ਜਾਵਾਂਗਾ।''ਟਵਿੱਟਰ ਉੱਤੇ ਵੀ ਯੂਜ਼ਰਜ਼ ਸਾਬਕਾ ਪ੍ਰਧਾਨ ਮੰਤਰੀ ਦੀ ਟਿੱਪਣੀ ਉੱਤੇ ਚੁਟਕੀ ਲੈਣ ਵਿੱਚ ਕਸਰ ਨਹੀਂ ਛੱਡ ਰਹੇ। ਮੀਮ ਫੈਸਟ ਵਿੱਚ ਹਿੱਸੇ ਲੈਂਦੇ ਹੋਏ ਇੱਕ ਟਵਿੱਟਰ ਯੂਜ਼ਰ ਨੇ ਉਨ੍ਹਾਂ ਦੀਆਂ ਟਿੱਪਣੀਆਂ ਨੂੰ ‘69 ਦੀ ਉਮਰ ਵਿੱਚ ਆਪਣੀ ਪਛਾਣ ਹੋਈ' ਕਰਾਰ ਦਿੱਤਾ।

## ਸਿਰਫਿਰੇ ਨੇ ਪ੍ਰੇਮਿਕਾ ਦੀ ਸਕੂਟੀ ਸਾੜੀ, 7 ਜਣੇ ਜ਼ਿੰਦਾ ਸੜੇ

ਇੰਦੌਰ, 8 ਮਈ (ਪੋਸਟ ਬਿਊਰੋ)- ਇੱਕ ਸਿਰਫਿਰੇ ਨੇ ਪ੍ਰੇਮਿਕਾ ਤੋਂਅਣਬਣ ਦਾ ਬਦਲਾ ਲੈਣ ਲਈ ਉਸ ਦੀ ਸਕੂਟੀ ਨੂੰ ਅੱਗ ਲਾ ਦਿੱਤੀ। ਬੇਕਾਬੂ ਅੱਗ ਨੇ ਦੋ ਮੰਜ਼ਿਲਾ ਮਕਾਨ ਨੂੰ ਲਪੇਟ ਵਿੱਚ ਲੈ ਲਿਆ, ਜਿਸ ਕਰਨ ਸੱਤ ਲੋਕਾਂ ਦੀ ਸੜ ਕੇ ਮੌਤ ਹੋ ਗਈ। ਇਹ ਘਟਨਾ ਸ਼ਹਿਰ ਦੇ ਵਿਜੈ ਨਗਰ ਇਲਕੇ ਸਥਿਤ ਸਵਰਨਬਾਗ ਕਾਲੋਨੀ ਵਿੱਚ ਸ਼ੁੱਕਰਵਾਰ ਦੇਰ ਰਾਤ ਹੋਈ। ਮ੍ਰਿਤਕਾਂ ਵਿੱਚ ਪੰਜ ਮਰਦ ਅਤੇ ਦੋ ਔਰਤਾਂ ਸਨ। ਜਾਨ ਬਚਾਉਣ ਲਈ ਦੋ ਨੌਜਵਾਨਾਂ ਨੇ ਦੂਸਰੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਦੋਵਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਦੋ ਔਰਤਾਂ ਨੂੰ ਦੂਸਰੀ ਮੰਜ਼ਿਲ ਦੇ ਕਮਰੇ ਦੀ ਖਿੜਕੀ ਦੀ ਗਰਿੱਲ ਤੋੜ ਕੇ ਬਚਾਇਆ ਗਿਆ। ਪੁਲਸ ਨੇ ਮਕਾਨ ਦੇ ਮਾਲਕ ਇਨਸਾਫ ਪਟੇਲ ਤੇ ਉਸ ਦੇ ਭਰਾ ਅਹਿਸਾਨ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਸਿਰਫਿਰੇ ਪ੍ਰੇਮੀ ਨੂੰ ਪੁਲਸ ਨੇ ਕੱਲ੍ਹ ਰਾਤ ਗ੍ਰਿਫਤਾਰ ਕਰ ਲਿਆ।

ਸ਼ਨੀਵਾਰ ਦੁਪਹਿਰ ਤਕ ਪੁਲਸ ਅੱਗ ਦੀ ਵਜ੍ਹਾ ਸ਼ਾਰਟ ਸਰਕਟ ਮੰਨ ਕੇ ਜਾਂਚ ਕਰ ਰਹੀ ਸੀ, ਪਰ ਪਿੱਛੋਂ ਸੀ ਸੀ ਟੀ ਵੀ ਫੁਟੇਜ ਮਿਲਣ ਦੇ ਬਾਅਦ ਜਾਂਚ ਦੀ ਦਿਸ਼ਾ ਬਦਲ ਗਈ। ਫੁਟੇਜ ਵਿੱਚ ਇੱਕ ਨੌਜਵਾਨ ਦੋ ਮੰਜ਼ਿਲਾ ਇਮਾਰਤ ਦੀ ਪਾਰਕਿੰਗ ਵਿੱਚ ਖੜ੍ਹੀ ਸਕੂਟੀ ਵਿੱਚ ਅੱਗ ਲਾਉਂਦਾ ਨਜ਼ਰ ਆਇਆ। ਉਸ ਦੀ ਪਛਾਣ ਕਾਲੋਨੀ ਵਿੱਚ ਰਹਿੰਦੇ ਸੰਜੇ ਦੇ ਰੂਪ ਵਿੱਚ ਕੀਤੀ ਗਈ। ਮੁੱਖ ਮੰਤਰੀ ਨੇ ਮਰਨ ਵਾਲਿਆਂ ਦੇ ਘਰਦਿਆਂ ਨੂੰ ਚਾਰ-ਚਾਰ ਲੱਖ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।







# ਘੇਰ ਸੋਢੀਆਂ ਮਾਰਕੀਟ ਵਿਚ ਲੱਗੀ ਅੱਗ, ਬੀਬਾ ਜੈ ਇੰਦਰ ਕੌਰ ਨੇ ਨੁਕਸਾਨ ਦਾ ਮੁਆਇਨਾ ਕਰਕੇ ਪੀੜਤ ਪਰਿਵਾਰ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ



ਪਟਿਆਲਾ 8 ਮਈ (ਗਿਆਨ ਸਿੰਘ)- ਸ਼ਹਿਰ ਦੇ ਸੰਘਣੀ ਆਬਾਦੀ ਵਾਲੇ ਖੇਤਰ ਘੇਰ ਸੋਢੀਆਂ ਵਿੱਚ ਸਥਿਤ ਡੀਲਕਸ ਫੈਸ਼ਨ ਸਟੋਰ ਵਿੱਚ ਐਤਵਾਰ ਸਵੇਰੇ ਅਚਾਨਕ ਅੱਗ ਲੱਗ ਗਈ। ਅੱਗ ਲੱਗਣ ਦੀ ਖ਼ਬਰ ਮਿਲਦਿਆਂ ਹੀ ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਅਤੇ ਜਾਟ ਮਹਾਸਭਾ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਬੀਬਾ ਜੈ ਇੰਦਰ ਕੌਰ ਨੇ ਅੱਗ ਲੱਗਣ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਤੁਰੰਤ ਘਟਨਾ ਸਥਾਨ ਦਾ ਦੌਰਾ ਕੀਤਾ।

ਅੱਜ ਸਵੇਰੇ ਗਹਿਰ ਸੋਢੀਆਂ ਇਲਾਕੇ ਵਿੱਚ ਇੱਕ ਕੱਪੜਿਆਂ ਦੀ ਦੁਕਾਨ ਵਿੱਚ ਸ਼ਾਰਟ ਸਰਕਟ ਹੋਣ ਕਾਰਨ ਭਿਆਨਕ ਅੱਗ ਲੱਗ ਗਈ ਪਰ ਅੱਗ ਬੁਝਾਊ ਵਿਭਾਗ ਨੇ ਤੁਰੰਤ ਕਾਰਵਾਈ ਕਰਦਿਆਂ ਸਥਿਤੀ 'ਤੇ ਕਾਬੂ ਪਾ ਲਿਆ, ਜਿਸ ਨਾਲ ਆਸਪਾਸ ਲੱਗਦੀਆਂ ਹੋਰ ਦੁਕਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

ਦਮਕਲ ਵਿਭਾਗ ਦੇ ਅਧਿਕਾਰੀਆਂ ਦੀ ਸ਼ਲਾਘਾ ਕਰਦਿਆਂ ਬੀਬਾ ਜੈ ਇੰਦਰ ਕੌਰ ਨੇ ਕਿਹਾ ਕਿ ਵਿਭਾਗ ਨੇ ਪਹਿਲਾਂ ਅੱਗ 'ਤੇ ਕਾਬੂ ਪਾਉਣ ਅਤੇ ਫਿਰ ਪੂਰੀ ਤਰ੍ਹਾਂ ਨਾਲ ਬੁਝਾਉਣ ਦਾ ਬਹੁਤ ਵਧੀਆ ਕੰਮ ਕੀਤਾ, ਕਿਉਂਕਿ ਜੇਕਰ ਉਨ੍ਹਾਂ ਨੇ ਜਲਦੀ ਕਾਰਵਾਈ ਨਾ ਕੀਤੀ ਹੁੰਦੀ ਤਾਂ ਸਥਿਤੀ ਅਸਲ ਵਿੱਚ ਹੱਥੋਂ ਬਾਹਰ ਹੋ ਸਕਦੀ ਸੀ। 60 ਲੋਕਾਂ ਦੀ ਟੀਮ ਨੇ ਸਥਿਤੀ ਨੂੰ ਪੂਰੀ ਤਰ੍ਹਾਂ ਕਾਬੂ ਵਿਚ ਲਿਆਉਣ ਲਈ 12 ਘੰਟਿਆਂ ਤੋਂ ਵੱਧ ਮੁਸ਼ਕਲ ਹਾਲਾਤਾਂ ਵਿਚ ਅਣਥੱਕ ਮਿਹਨਤ ਕੀਤੀ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ।

ਪਰਿਵਾਰ ਨੂੰ ਭਰੋਸਾ ਦਿੰਦਿਆਂ ਜੈ ਇੰਦਰ ਕੌਰ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਉਨ੍ਹਾਂ ਰਾਹਤ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਅਪੀਲ ਕੀਤੀ ਕਿ ਪਰਿਵਾਰ ਨੂੰ ਮਨੁੱਖੀ ਆਧਾਰ 'ਤੇ ਵਿਸ਼ੇਸ਼ ਮੁਆਵਜ਼ਾ ਦਿੱਤਾ ਜਾਵੇ।

ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇਹ ਵੀ ਯਾਦ ਦਿਵਾਇਆ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਿਆਂਦਾ ਗਿਆ ਸਿੰਗਲ ਤਾਰ ਪ੍ਰਾਜੈਕਟ ਹੁਣ ਲਟਕ ਰਿਹਾ ਹੈ ਅਤੇ ਉਨ੍ਹਾਂ ਨੂੰ ਇਹ ਭਰੋਸਾ ਦਿਵਾਉਣ ਲਈ ਬੇਨਤੀ ਕੀਤੀ ਕਿ ਇਹ ਪ੍ਰਾਜੈਕਟ ਜਲਦੀ ਤੋਂ ਜਲਦੀ ਮੁਕੰਮਲ ਹੋ ਜਾਵੇਗਾ ਤਾਂ ਜੋ ਅੰਦਰੂਨੀ ਸ਼ਹਿਰ ਦੇ ਲੋਕਾਂ ਨੂੰ ਖ਼ਤਰਨਾਕ ਬਿਜਲੀ ਦੀਆਂ ਤਾਰਾਂ ਤੋਂ ਰਾਹਤ ਦਿੱਤੀ ਜਾ ਸਕੇ।

ਉਨ੍ਹਾਂ ਦੇ ਨਾਲ ਪਟਿਆਲਾ ਦੇ ਮੇਅਰ ਸੰਜੀਵ ਸ਼ਰਮਾ ਬਿੱਟੂ, ਪੀਐੱਲਸੀ ਪਟਿਆਲਾ ਦੇ ਪ੍ਰਧਾਨ ਕੇ ਕੇ ਮਲਹੋਤਰਾ, ਕੌਂਸਲਰ ਅਤੁਲ ਜੋਸ਼ੀ ਆਦਿ ਹਾਜ਼ਰ ਸਨ।

# ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਨ ਮਨਾਇਆ



ਅੰਮ੍ਰਿਤਸਰ 8 ਮਈ (ਗਿਆਨ ਸਿੰਘ)- ਆਲ ਇੰਡੀਆ ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ (ਰਜ਼ਿ.), ਅੰਮ੍ਰਿਤਸਰ ਵੱਲੋਂ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 299ਵਾਂ ਜਨਮ ਦਿਵਸ ਪ੍ਰਧਾਨ ਪਿਆਰਾ ਸਿੰਘ ਮਠਾੜੂ ਦੀ ਅਗਵਾਈ ਹੇਠ ਰਾਮਗੜ੍ਹੀਆ ਗੁਰਦਵਾਰਾ, ਕੋਟ ਬਾਬਾ ਦੀਪ ਸਿੰਘ, ਬਰਸਾਤੀ ਨਾਲਾ ਪੁਲ ਦੇ ਲਾਗੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਬੀਬੀਆਂ ਦੇ ਜੱਥੇ ਨੇ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ। ਭਾਈ ਤਰਨਜੀਤ ਸਿੰਘ ਦੇ ਜੱਥੇ ਨੇ ਗੁਰਬਾਨੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਬੋਧਨ ਕਰਦਿਆਂ ਮਠਾੜੂ ਨੇ ਦਸਿਆ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਉਹ ਮਹਾਨ ਜਰਨੈਲ ਸਨ ਜਿੰਨ੍ਹਾ ਨੇ ਅਹਿਮਦਸ਼ਾਹ ਅਬਦਾਲੀ ਦੀ ਫੌਜ ਨਾਲ ਲਗਾਤਾਰ 18 ਘੰਟੇ ਜੰਗ ਲੜ ਕੇ ਦੁਸ਼ਮਣ ਦੀ ਫੌਜਾਂ ਦੇ ਦੰਦ ਖੱਟੇ ਕੀਤੇ ਸਨ। ਸਕੱਤਰ ਜਨਰਲ ਗਿਆਨ ਸਿੰਘ ਬਮਰਾਹ ਨੇ ਵੀ ਮਹਾਰਾਜੇ ਦੇ ਜੀਵਨ ਸਬੰਧੀ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਉਹਨਾਂ ਨੇ ਰਾਮਗੜ੍ਹ ਕਿਲ੍ਹੇ ਦੀ ਲਗਾਤਾਰ ਉਸਾਰੀ ਅਤੇ ਰਾਮਗੜ੍ਹੀਆ ਬੁੰਗੇ ਦਾ ਨਿਰਮਾਣ ਕਰਕੇ ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਸ਼ਹਿਰ ਦੀ ਰਾਖੀ ਲਈ ਜੋ ਖਾਲਸਾ ਪੰਥ ਦੀ ਸੇਵਾ ਕੀਤੀ ਹੈ ਉਸ ਨਾਲ ਸਾਰੇ ਖਾਲਸਾ ਪੰਥ ਦਾ ਸਿਰ ਫਖਰ ਨਾਲ ਉੱਚਾ ਹੋਇਆ ਹੈ ਅਤੇ ਸਾਨੂੰ ਰਾਮਗੜ੍ਹੀਆ ਹੋਣ ਦਾ ਮਾਣ ਮਿਲਿਆ ਹੈ। ਉਹਨਾਂ ਨੇ ਦਿੱਲੀ ਨੂੰ ਜਿੱਤ ਕੇ ਮੁਗਲਾਂ ਦੀ ਤਾਜਪੋਛੀ ਵਾਲੀ ਸਿਲੱ ਲਿਆ ਕੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਚਰਨਾਂ ਵਿਚ ਹਾਜਰ ਕੀਤੀ ਅਤੇ ਮੁਗਲ ਰਾਜ ਦਾ ਖਾਤਮਾਂ ਕੀਤਾ। ਇਸ ਅਜੀਮ ਯੋਧੇ ਦੇ ਇਤਹਾਸ ਅਤੇ ਵਿਰਾਸਤਾਂ ਬਾਰੇ ਆਪਣੇ ਭਰਾਵਾਂ ਨੂੰ ਜਾਨਕਾਰੀ ਹੋਣੀ ਚਾਹੀਦੀ ਹੈ ਅਤੇ ਇਸਤੋਂ ਆਪਣੇ ਬੱਚਿਆਂ ਨੂੰ ਵੀ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਸਮੇ ਮੁੱਖ ਮਹਿਮਾਨ ਸ੍ਰ. ਗੁਰਜੀਤ ਸਿੰਘ ਔਜਲਾ, ਮੈਂਬਰ ਪਾਰਲੀਮੈਂਟ ਗੁਰੂ ਮਹਾਰਾਜ ਦੇ ਚਰਨਾਂ ਵਿਚ ਹਾਜਰ ਹੋਏ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ ਸਬੰਧੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਗਿਆਨ ਸਿੰਘ ਬਮਰਾਹ ਨੇ ਉਹਨਾਂ ਨੂੰ ਫੈਡਰੇਸ਼ਨ ਵੱਲੋਂ ਜੀ ਆਇਆਂ ਕਹਿੰਦੇ ਹੋਏ ਇਹ ਮੰਗ ਕੀਤੀ ਕਿ ਅਗਲੇ ਸਾਲ ਮਹਾਰਾਜੇ ਦੇ 300 ਸਾਲਾ ਜਨਮ ਸ਼ਤਾਬਦੀ ਤੇ ਕੇਂਦਰ ਸਰਕਾਰ ਪਾਸੋਂ 'ਯਾਦਗਾਰੀ ਡਾਕ-ਟਿਕਟ' ਜਾਰੀ ਕਰਵਾਉਣ ਅਤੇ 'ਰਾਮਗੜ੍ਹੀਆ ਟੈਕਨੀਕਲ ਅਤੇ ਸਕਿਲ ਡਵੇਲਪਮੈਂਟ ਯੂਨੀਵਰਸਿਟੀ' ਦੀ ਮੰਨਜੂਰੀ ਅਤੇ ਮਾਲੀ ਸਹਾਇਤਾ ਲੈਣ ਲਈ ਫੈਡਰੇਸ਼ਨ ਦੀ ਮਦਦ ਕਰਨ, ਜਿਸਦਾ ਔਜਲਾ ਨੇ ਪੂਰਾ ਭਰੋਸਾ ਦਿੱਤਾ। ਇਸੇ ਤਰਾਂ ਦੂਸਰੇ ਮੁੱਖ ਮਹਿਮਾਨ ਡਾਕਟਰ ਇੰਦਰਬੀਰ ਸਿੰਘ ਨਿੱਝਰ ਐਮ ਐਲ ਏ ਵੀ ਗੁਰੂ ਚਰਨਾਂ ਵਿੱਚ ਹਾਜਰ ਹੋਏ ਅਤੇ ਮਹਾਰਾਜਾ ਜੀ ਦੇ ਜੀਵਨ ਸਬੰਧੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769




STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon

visit: www.teamjagaujla.com



Call JAG AUJLA

MCNE, REAL ESTATE BROKER

DIR: 416-371-7777

j.aujla@rogers.com www.jagaujla.com

Follow Us:

CALL JAG FOR A QUICK & FREE HOME EVALUATION

www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE



2nd Dwelling Unit Basement

Highway 10 & Bovaird Dr. (LEGAL BASEMENT APARTMENT)

Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020)

Jag Aujla For Details @ 416-371-7777

JUST SOLD



8 Dayspring Circ 1421, Brampton

HIGHEST PRICE SOLD IN 8 DAYSPRING CIRC IN THIS MARKET OF MAY 2022

URGENTLY NEED NEW LISTINGS IN THIS AREA

SOLD $315,000 OVER ASKING IN 3 DAYS
88 Likdale Rd
Williams Pkwy / Centre

SOLD $155,000 OVER ASKING IN 2 DAYS TO MY BUYER
13 Trailridge Dr
Williams Pkwy / Royal Orchard

SOLD $96,000 OVER ASKING IN 2 DAYS TO MY BUYER
26 Hanover Rd
Queen St. / Dixie Rd

SOLD $215,000 OVER ASKING IN 2 DAYS TO MY BUYER
42 Lawnview Crt
Sandalwood /Hwy 10 / Braidwood

SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410

SOLD $317,000 OVER ASKING IN 4 DAYS TO MY BUYER
17 Bristol Ave
Queen St / Mclaughlin

FREE

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)

Off: 905-456-3232

*(Based on units sold & commissions)** *Some Conditions Apply.

*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777

MCNE, REAL ESTATE BROKER

NOT INTENDED TO SOLICIT BUYERS OR SELLER CURRENTLY UNDER CONTRACT

May 2022



Tri-City Professional Realty Inc., Brokerage. The Future of Real Estate

www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana

Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8



SOLD $1,399,999
CASTLEMORE/GOREWAY
[illegible]

SOLD $1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017